DHCS
CALIFORNIA DEPARTMENT OF
HEALTH CARE SERVICES

Medi-Cal

ਤੁਹਾਡੇ ਅਧਿਕਾਰਾਂ ਅਤੇ ਲੰਮੇ ਸਮੇਂ ਦੀ ਦੇਖਭਾਲ ਲਾਭਾਂ ਬਾਰੇ ਵਾਧੂ ਜਾਣਕਾਰੀ ਦਾ ਨੋਟਿਸ ਜਦੋਂ ਤੁਸੀਂ ਨਵੇਂ Medi-Cal ਸਿਹਤ ਪਲਾਨ ਵਿੱਚ ਜਾਂਦੇ ਹੋ

ਜਨਵਰੀ 1, 2024 ਤੋਂ ਸ਼ੁਰੂ ਕਰਦੇ ਹੋਏ ਤੁਹਾਡਾ Medi-Cal ਸਿਹਤ ਪਲਾਨ ਤੁਹਾਡੀ ਕਾਊਂਟੀ ਵਿੱਚ Medi-Cal ਸਿਹਤ ਪਲਾਨ ਨਹੀਂ ਰਹੇਗਾ। ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਲੋਕ ਇੱਕ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣਗੇ। ਇਹ ਬਦਲਾਅ ਪੂਰੇ ਰਾਜ ਦੇ Medi-Cal ਅੱਪਗ੍ਰੇਡਾਂ ਦਾ ਹਿੱਸਾ ਹੈ। 2024 ਵਿੱਚ ਸ਼ੁਰੂ ਕਰਦੇ ਹੋਏ, Medi-Cal ਸਿਹਤ ਪਲਾਨ ਦੇ ਨਵੇਂ ਨਿਯਮ ਹੋਣਗੇ। ਉਹ ਸਿਹਤ ਸਬੰਧੀ ਬਰਾਬਰੀ, ਕੁਆਲਿਟੀ, ਪਹੁੰਚ, ਜਵਾਬਦੇਹੀ ਅਤੇ ਪਾਰਦਰਸ਼ਕਤਾ ਨੂੰ ਵਧਾਉਣ ਲਈ ਹਨ। ਇਸਦੇ ਹਿੱਸੇ ਵਜੋਂ, ਕੁਝ Medi-Cal ਸਿਹਤ ਪਲਾਨ ਜਨਵਰੀ 1, 2024 ਨੂੰ ਬਦਲ ਜਾਣਗੇ।

ਨਵੇਂ Medi-Cal ਸਿਹਤ ਪਲਾਨ ਵਿੱਚ ਇਹ ਬਦਲਾਅ ਤੁਹਾਡੀ Medi-Cal ਯੋਗਤਾ ਜਾਂ ਲਾਭਾਂ ਨੂੰ ਪ੍ਰਭਾਵਿਤ **ਨਹੀਂ** ਕਰਦਾ। ਬਦਲਾਅ ਬਾਰੇ ਸਵਾਲਾਂ ਦੇ ਜਵਾਬਾਂ ਲਈ ਹੇਠਾਂ ਪੜ੍ਹੋ।

ਸਧਾਰਨ ਸਵਾਲ

1. ਕੀ ਮੈਂ ਆਪਣਾ ਡਾਕਟਰ ਰੱਖ ਸਕਦਾ/ਸਕਦੀ ਹਾਂ, ਜੇਕਰ ਉਹ ਮੇਰੇ ਨਵੇਂ Medi-Cal ਸਿਹਤ ਪਲਾਨ ਨੈੱਟਵਰਕ (ਗਰੁੱਪ) ਵਿੱਚ ਨਹੀਂ ਹਨ?

ਜੇਕਰ ਤੁਸੀਂ ਪਿਛਲੇ **12 ਮਹੀਨਿਆਂ** ਵਿੱਚ ਕਿਸੇ ਅਜਿਹੇ Medi-Cal ਡਾਕਟਰ ਕੋਲ ਗਏ ਹੋ, ਜੋ ਤੁਹਾਡੇ ਨਵੇਂ Medi-Cal ਸਿਹਤ ਪਲਾਨ ਵਿੱਚ ਨਹੀਂ ਹੈ, ਤਾਂ ਤੁਸੀਂ ਆਪਣੇ ਡਾਕਟਰ ਨੂੰ ਰੱਖਣ ਦੇ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ ਨਵੇਂ Medi-Cal ਸਿਹਤ ਪਲਾਨ ਤੋਂ "ਦੇਖਭਾਲ ਦੀ ਨਿਰੰਤਰਤਾ" (continuity of care) ਦੀ ਮੰਗ ਕਰਦੇ ਹੋ।

ਦੇਖਭਾਲ ਦੀ ਨਿਰੰਤਰਤਾ ਦਾ ਮਤਲਬ ਹੈ ਕਿ ਤੁਸੀਂ ਨਵੇਂ Medi-Cal ਸਿਹਤ ਪਲਾਨ ਵਿੱਚ ਆਪਣੇ ਨਾਮਾਂਕਣ ਤੋਂ ਬਾਅਦ 12 ਮਹੀਨਿਆਂ ਤੱਕ ਆਪਣੇ Medi-Cal ਪ੍ਰਦਾਤਾ ਨੂੰ ਰੱਖਣ ਯੋਗ ਹੋ ਸਕਦੇ ਹੋ। ਇਸ ਵਿੱਚ ਸ਼ਾਮਲ ਹਨ, ਤੁਹਾਡਾ ਪ੍ਰਾਈਮਰੀ ਕੇਅਰ ਡਾਕਟਰ (PCP), ਮਾਹਰ, ਭੌਤਿਕ ਅਤੇ ਵਿਵਸਾਇਕ ਥੈਰੇਪਿਸਟ ਆਦਿ।

ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਨ ਲਈ ਸਹਿਮਤ ਹੋ ਸਕਦਾ ਹੈ। ਇਹ 12 ਮਹੀਨਿਆਂ ਤੱਕ, ਜਾਂ ਕੁਝ ਮਾਮਲਿਆਂ ਵਿੱਚ, ਵੱਧ ਚੱਲ ਸਕਦਾ ਹੈ। ਜੇਕਰ ਤੁਸੀਂ ਦੇਖਭਾਲ ਦੀ ਨਿਰੰਤਰਤਾ ਚਾਹੁੰਦੇ ਹੋ, ਤਾਂ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਜੇਕਰ ਤੁਹਾਡਾ ਡਾਕਟਰ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਨ ਲਈ ਸਹਿਮਤ ਨਹੀਂ ਹੁੰਦਾ ਹੈ, ਤਾਂ ਤੁਹਾਡਾ ਨਵਾਂ Medi-Cal ਸਿਹਤ ਪਲਾਨ ਨਵਾਂ ਡਾਕਟਰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।

ਤੁਹਾਡੀ Medi-Cal ਸਿਹਤ ਪਲਾਨ ਦੇ ਵਿਕਲਪਾਂ ਅਤੇ Medi-Cal ਸਿਹਤ ਪਲਾਨਾਂ ਦੇ ਨਾਲ ਕੰਮ ਕਰਨ ਵਾਲੇ ਡਾਕਟਰਾਂ ਬਾਰੇ ਵਧੇਰੇ ਜਾਣਕਾਰੀ ਲਈ, **www.healthcareoptions.dhcs.ca.gov** 'ਤੇ ਜਾਓ।

2. ਕੀ ਹੋਵੇਗਾ, ਜੇਕਰ ਮੇਰੀਆਂ ਪਹਿਲਾਂ ਤੋਂ ਹੀ ਜਨਵਰੀ 1, 2024 ਨੂੰ ਜਾਂ ਬਾਅਦ ਲਈ ਮੁਲਾਕਾਤਾਂ ਤੈਅ ਹੋਣ?

ਆਪਣੇ ਨਵੇਂ Medi-Cal ਸਿਹਤ ਪਲਾਨ ਨਾਲ ਆਪਣੀਆਂ ਮੁਲਾਕਾਤਾਂ ਤੈਅ ਕਰਨ ਲਈ ਆਪਣੇ ਮੌਜੂਦਾ ਪ੍ਰਦਾਤਾ ਦੇ ਨਾਲ ਕੰਮ ਕਰੋ। ਤੁਹਾਡੇ ਪ੍ਰਦਾਤਾ ਨੂੰ ਤੁਹਾਡੀਆਂ ਨਵੀਆਂ ਮੁਲਾਕਾਤਾਂ ਜਾਂ ਸੇਵਾਵਾਂ ਦੇਣ ਤੋਂ ਪਹਿਲਾਂ ਤੁਹਾਡੇ ਨਵੇਂ Medi-Cal ਸਿਹਤ ਪਲਾਨ ਤੋਂ ਮਨਜ਼ੂਰੀ ਲੈਣ ਦੀ ਲੋੜ ਪੈ ਸਕਦੀ ਹੈ।

3. ਕੀ ਮੈਂ ਉਹ ਮੁਲਾਕਾਤਾਂ ਰੱਖ ਸਕਦਾ/ਸਕਦੀ ਹਾਂ, ਜੋ Medi-Cal ਮਾਹਰ ਨਾਲ ਹਨ?

ਜੇਕਰ ਤੁਸੀਂ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ Medi-Cal ਮਾਹਰ ਨਾਲ ਮੁਲਾਕਾਤ ਕੀਤੀ ਹੈ, ਤਾਂ ਤੁਸੀਂ ਆਪਣੀ ਮੁਲਾਕਾਤ ਰੱਖਣ ਯੋਗ ਹੋ ਸਕਦੇ ਹੋ।

MU_0005205_PUN1_1123

ਨਵੇਂ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਪੁੱਛੋ ਕਿ ਕੀ ਤੁਸੀਂ ਮੁਲਾਕਾਤ ਰੱਖ ਸਕਦੇ ਹੋ। ਹੋ ਸਕਦਾ ਹੈ ਕਿ ਮਾਹਰ ਪਹਿਲਾਂ ਹੀ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਦਾ ਹੋਵੇ। ਜਾਂ ਉਹ ਭਵਿੱਖ ਵਿੱਚ ਤੁਹਾਡੇ ਨਵੇਂ Medi-Cal ਸਿਹਤ ਪਲਾਨ ਨਾਲ ਕੰਮ ਕਰਨ ਲਈ ਸਹਿਮਤ ਹੋ ਸਕਦਾ ਹੈ।

4. **ਕੀ ਮੇਰੀਆਂ ਪ੍ਰਿਸਕ੍ਰਿਪਸ਼ਨਾਂ ਅਤੇ ਫਾਰਮੇਸੀਆਂ ਬਦਲ ਜਾਣਗੀਆਂ?**

   ਨਹੀਂ। ਜਦੋਂ ਤੁਹਾਡੇ Medi-Cal ਸਿਹਤ ਪਲਾਨ ਬਦਲਦੇ ਹਨ ਤਾਂ ਤੁਹਾਡੀਆਂ ਪ੍ਰਿਸਕ੍ਰਿਪਸ਼ਨਾਂ ਅਤੇ ਫਾਰਮੇਸੀਆਂ **ਨਹੀਂ** ਬਦਲਣਗੀਆਂ। ਜੇਕਰ ਤੁਹਾਡਾ ਨਵਾਂ PCP ਹੈ, ਤਾਂ ਯਕੀਨੀ ਬਣਾਓ ਕਿ ਉਹਨਾਂ ਨੂੰ ਪਤਾ ਹੈ ਕਿ ਤੁਸੀਂ ਹੁਣ ਕਿਹੜੀਆਂ ਪ੍ਰਿਸਕ੍ਰਿਪਸ਼ਨਾਂ ਪ੍ਰਾਪਤ ਕਰਦੇ ਹੋ। ਜੇਕਰ ਤੁਹਾਨੂੰ ਰਿਫਿਲ ਦੀ ਲੋੜ ਹੈ ਤਾਂ ਉਹਨਾਂ ਨੂੰ ਦੱਸੋ। ਜੇਕਰ ਤੁਹਾਡੇ ਕੋਲ Medicare ਹੈ, ਤਾਂ ਤੁਹਾਡਾ ਪ੍ਰਿਸਕ੍ਰਿਪਸ਼ਨ ਦਵਾਈ ਪਲਾਨ (Prescription Drug Plan, Part D) ਤੁਹਾਡੇ ਫਾਰਮੇਸੀ ਲਾਭ ਦਿੰਦਾ ਰਹੇਗਾ।

5. **ਜੇਕਰ ਮੇਰੇ ਕੋਲ ਸਥਾਈ ਡਾਕਟਰੀ ਉਪਕਰਨ (DME) ਹੈ, ਤਾਂ ਕੀ ਮੈਂ ਨਵੇਂ Medi-Cal ਸਿਹਤ ਪਲਾਨ ਨਾਲ ਜੁੜ ਕੇ ਇਸਨੂੰ ਰੱਖ ਸਕਦਾ/ਸਕਦੀ ਹਾਂ?**

   ਤੁਸੀਂ 180 ਦਿਨਾਂ ਤੱਕ ਆਪਣੇ DME ਨੂੰ ਰੱਖਣ ਦੇ ਯੋਗ ਹੋ ਸਕਦੇ ਹੋ। ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਉਹਨਾਂ ਨੂੰ ਦੱਸੋ ਕਿ ਤੁਹਾਡੇ ਕੋਲ ਸਥਾਈ ਡਾਕਟਰੀ ਉਪਕਰਨ ਹੈ।

6. **ਜੇਕਰ Medi-Cal ਮੇਰੀ ਆਵਾਜਾਈ ਲਈ ਭੁਗਤਾਨ ਕਰਦਾ ਹੈ, ਤਾਂ ਕੀ ਮੈਂ ਆਪਣੀਆਂ ਤੈਅ ਰਾਈਡਾਂ ਰੱਖ ਸਕਦਾ/ਸਕਦੀ ਹਾਂ?**

   ਜੇਕਰ ਤੁਹਾਡੇ ਕੋਲ Non-Emergency Medical Transportation (NEMT) ਜਾਂ Non-Medical Transportation (NMT) ਹੈ, ਤਾਂ ਤੁਸੀਂ ਉਹ ਸੇਵਾਵਾਂ ਪ੍ਰਾਪਤ ਕਰਦੇ ਰਹੋਗੇ। ਜੇਕਰ ਤੁਹਾਡੀ ਅਧਿਕਾਰਤ ਆਵਾਜਾਈ ਸੇਵਾ **ਜੂਨ 30, 2024** ਤੋਂ ਅੱਗੇ ਵਧਦੀ ਹੈ, ਤਾਂ ਆਪਣੇ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਤੁਹਾਨੂੰ ਜੂਨ 30, 2024 ਤੋਂ ਬਾਅਦ ਸੇਵਾ ਰੱਖਣ ਲਈ ਨਵੇਂ ਇਲਾਜ ਪਲਾਨ ਲਈ ਆਪਣੇ ਡਾਕਟਰ ਕੋਲ ਜਾਣਾ ਪੈ ਸਕਦਾ ਹੈ।

   ਇਸਤੋਂ ਪਹਿਲਾਂ ਕਿ ਤੁਸੀਂ ਡਾਕਟਰ ਕੋਲ ਜਾਓ, ਪਹਿਲਾਂ ਆਪਣੇ ਨਵੇਂ Medi-Cal ਸਿਹਤ ਪਲਾਨ ਨੂੰ ਫੋਨ ਕਰੋ। ਪੁੱਛੋ ਕਿ ਕੀ ਤੁਹਾਡਾ ਆਵਾਜਾਈ ਪ੍ਰਦਾਤਾ ਤੁਹਾਡੇ ਨਵੇਂ Medi-Cal ਸਿਹਤ ਪਲਾਨ ਵਿੱਚ ਹੈ। ਜੇਕਰ ਉਹ ਨਹੀਂ ਹੈ, ਤਾਂ ਤੁਹਾਡਾ ਨਵਾਂ Medi-Cal ਸਿਹਤ ਪਲਾਨ ਤੁਹਾਨੂੰ ਜਨਵਰੀ 1, 2024 ਤੋਂ ਸ਼ੁਰੂ ਕਰਦੇ ਹੋਏ ਵਰਤਣ ਲਈ ਨਵਾਂ ਆਵਾਜਾਈ ਪ੍ਰਦਾਤਾ ਦੇਵੇਗਾ।

7. **ਜਦੋਂ ਮੈਂ Medi-Cal ਸਿਹਤ ਪਲਾਨ ਨਾਲ ਜੁੜ ਜਾਵਾਂਗਾ/ਜਾਵਾਂਗੀ ਤਾਂ ਕੀ ਮੈਨੂੰ ਉਸ Medi-Cal ਸੇਵਾ ਵਾਸਤੇ ਨਵੀਂ ਇਜਾਜ਼ਤ ਦੀ ਲੋੜ ਹੋਵੇਗੀ, ਜੋ ਮੈਂ ਹੁਣ ਪ੍ਰਾਪਤ ਕਰਦਾ/ਕਰਦੀ ਹਾਂ?**

   ਨਹੀਂ, ਜੇਕਰ ਤੁਹਾਡੇ ਕੋਲ Medi-Cal ਸੇਵਾ ਲਈ ਤੁਹਾਡੇ ਮੌਜੂਦਾ PCP ਜਾਂ ਡਾਕਟਰ ਵੱਲੋਂ ਇਜਾਜ਼ਤ ਹੈ, ਤਾਂ ਤੁਸੀਂ ਹੁਣ ਵਾਸਤੇ ਉਹ ਇਜਾਜ਼ਤ ਵਰਤਦੇ ਰਹਿ ਸਕਦੇ ਹੋ। ਜੇਕਰ ਤੁਹਾਡੀ ਇਜਾਜ਼ਤ ਜੂਨ 30, 2024 ਤੋਂ ਅੱਗੇ ਵਧਦੀ ਹੈ, ਤਾਂ ਆਪਣੇ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਤੁਹਾਨੂੰ ਜੂਨ 30, 2024 ਤੋਂ ਬਾਅਦ ਸੇਵਾ ਰੱਖਣ ਲਈ ਨਵੇਂ ਇਲਾਜ ਪਲਾਨ ਲਈ ਆਪਣੇ ਡਾਕਟਰ ਕੋਲ ਜਾਣਾ ਪੈ ਸਕਦਾ ਹੈ।

   ਜੇਕਰ ਤੁਸੀਂ ਅਜਿਹੀ Medi-Cal ਸੇਵਾ ਜਾਂ ਇਲਾਜ ਪ੍ਰਾਪਤ ਕਰਦੇ ਹੋ, ਜਿਸ ਵਾਸਤੇ ਤੁਹਾਡੇ Medi-Cal ਸਿਹਤ ਪਲਾਨ ਤੋਂ ਇਜਾਜ਼ਤ ਦੀ ਲੋੜ ਨਹੀਂ ਹੈ, ਤਾਂ ਤੁਸੀਂ ਆਪਣੇ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋ ਕੇ ਉਹ ਸੇਵਾ ਜਾਂ ਇਲਾਜ ਪ੍ਰਾਪਤ ਕਰਦੇ ਰਹਿ ਸਕਦੇ ਹੋ। ਜੇਕਰ ਤੁਹਾਨੂੰ ਜੂਨ 30, 2024 ਤੋਂ ਬਾਅਦ ਸੇਵਾ ਜਾਂ ਇਲਾਜ ਰੱਖਣ ਦੀ ਲੋੜ ਹੈ, ਤਾਂ ਨਵੇਂ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਉਹਨਾਂ ਨੂੰ ਪੁੱਛੋ ਕਿ ਕੀ ਤੁਹਾਨੂੰ ਉਹ ਸੇਵਾ ਜਾਂ ਇਲਾਜ ਪ੍ਰਾਪਤ ਕਰਦੇ ਰਹਿਣ ਲਈ ਇਜਾਜ਼ਤ ਦੀ ਲੋੜ ਹੈ।

8. **ਕੀ ਹੋਵੇਗਾ, ਜੇਕਰ ਮੈਨੂੰ ਬਿਲ ਮਿਲਦਾ ਹੈ?**

ਜੇਕਰ ਤੁਹਾਨੂੰ ਪ੍ਰਦਾਤਾ ਤੋਂ ਜਾਂ ਆਪਣੇ ਮੌਜੂਦਾ Medi-Cal ਸਿਹਤ ਪਲਾਨ ਤੋਂ ਬਿਲ ਮਿਲਦਾ ਹੈ, ਤਾਂ ਆਪਣੇ ਮੌਜੂਦਾ Medi-Cal ਸਿਹਤ ਪਲਾਨ ਨੂੰ ਫੋਨ ਕਰੋ। ਉਹ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਬਿਲ ਦਾ ਭੁਗਤਾਨ ਕਰਨ ਦੀ ਲੋੜ ਹੈ ਜਾਂ ਨਹੀਂ। ਜੇਕਰ ਤੁਸੀਂ ਨੈੱਟਵਰਕ-ਤੋਂ-ਬਾਹਰ ਦੇ ਡਾਕਟਰਾਂ ਲਈ ਆਪਣੇ Medi-Cal ਸਿਹਤ ਪਲਾਨ ਦੀ ਇਜਾਜ਼ਤ ਦੇ ਬਿਨਾਂ ਦੇਖਭਾਲ ਪ੍ਰਾਪਤ ਕੀਤੀ ਹੈ, ਤਾਂ ਤੁਹਾਨੂੰ ਬਿਲ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

ਜੇਕਰ ਤੁਹਾਨੂੰ ਉਸ ਸੇਵਾ ਲਈ ਬਿਲ ਮਿਲਦਾ ਹੈ, ਜੋ ਤੁਸੀਂ ਆਪਣੇ **ਨਵੇਂ** Medi-Cal ਸਿਹਤ ਪਲਾਨ ਨਾਲ ਪ੍ਰਾਪਤ ਕੀਤੀ ਹੈ, ਤਾਂ ਇਹ ਪਤਾ ਲਗਾਉਣ ਲਈ ਉਹਨਾਂ ਨੂੰ ਫੋਨ ਕਰੋ ਕਿ ਕੀ ਤੁਹਾਨੂੰ ਬਿਲ ਦਾ ਭੁਗਤਾਨ ਕਰਨਾ ਪਵੇਗਾ।

ਉਹਨਾਂ Medi-Cal ਮੈਂਬਰਾਂ ਲਈ, ਜਿਹਨਾਂ ਕੋਲ Medicare ਵੀ ਹੈ

9. **ਕੀ ਮੇਰੇ ਕੋਲ ਤਦ ਵੀ Medicare ਹੋਵੇਗਾ?**

ਹਾਂ। ਜੇਕਰ ਤੁਹਾਡੇ ਕੋਲ Medicare ਹੈ, ਤਾਂ ਤੁਹਾਡਾ Medicare ਸਿਹਤ ਪਲਾਨ ਬਦਲਣ ਤੇ ਤੁਹਾਡੇ Medicare ਲਾਭ, ਪ੍ਰਦਾਤਾ ਅਤੇ Medicare Advantage (MA) ਪਲਾਨ ਨਹੀਂ ਬਦਲੇਗਾ।

ਤੁਹਾਡੇ Medicare ਪ੍ਰਦਾਤਾ:

- ਉਹਨਾਂ ਨੂੰ ਤੁਹਾਡੀ ਦੇਖਭਾਲ ਜਾਰੀ ਰੱਖਣ ਲਈ ਤੁਹਾਡੇ Medi-Cal ਸਿਹਤ ਪਲਾਨ ਨੈੱਟਵਰਕ ਵਿੱਚ ਹੋਣ ਦੀ ਲੋੜ ਨਹੀਂ ਹੈ।
- ਜੇਕਰ ਤੁਸੀਂ Medi-Cal ਵਿੱਚ ਸ਼ਾਮਲ ਹੋ ਤਾਂ ਉਹ ਤੁਹਾਡੇ ਤੇ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਆਂ ਦਾ ਖਰਚਾ ਨਹੀਂ ਪਾ ਸਕਦੇ।
- ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਆਂ ਲਈ ਤੁਹਾਡੇ Medi-Cal ਸਿਹਤ ਪਲਾਨ ਨੂੰ ਬਿਲ ਦੇਣਗੇ, ਭਾਵੇਂ ਉਹ Medi-Cal ਨੈੱਟਵਰਕ ਵਿੱਚ ਨਹੀਂ ਹਨ।

ਜੇ ਆਪਣੇ Medicare Advantage ਦੇ ਲਾਭਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ Medicare Advantage ਪਲਾਨ ਮੈਂਬਰ ਕਾਰਡ 'ਤੇ ਦਿੱਤੇ ਨੰਬਰ 'ਤੇ ਫੋਨ ਕਰੋ।

10. **Medicare Advantage (MA) ਪਲਾਨ ਕੀ ਹੈ?**

ਕੁਝ ਲੋਕ Medicare ਅਤੇ Medi-Cal ਦੋਵਾਂ ਲਈ ਯੋਗ ਹੁੰਦੇ ਹਨ। ਉਹ "ਦੂਹਰੇ ਯੋਗ" ਜਾਂ "Medi-Medi" ਮੈਂਬਰ ਹੁੰਦੇ ਹਨ। ਸਾਰੇ Medicare ਮੈਂਬਰਾਂ ਵਾਂਗ ਹੀ, ਦੂਹਰੇ ਯੋਗ ਮੈਂਬਰ ਵੀ ਮੂਲ Medicare ਦੇ ਦੁਆਰਾ ਦੇਖਭਾਲ ਪ੍ਰਾਪਤ ਕਰ ਸਕਦੇ ਹਨ। ਜਾਂ ਉਹ MA ਪਲਾਨ ਵਿੱਚ ਸ਼ਾਮਲ ਹੋ ਸਕਦੇ ਹਨ। ਇਹਨਾਂ ਨੂੰ "Part C" ਜਾਂ "MA ਪਲਾਨ" ਆਖਿਆ ਜਾਂਦਾ ਹੈ। California ਵਿੱਚ, ਕਈ ਤਰ੍ਹਾਂ ਦੇ MA ਪਲਾਨ ਹਨ। ਪਲਾਨ ਵਿਕਲਪ ਕਾਊਂਟੀ ਦੇ ਮੁਤਾਬਕ ਵੱਖ-ਵੱਖ ਹਨ।

11. **ਕੀ ਹੋਵੇਗਾ, ਜੇਕਰ ਮੈਂ MA ਪਲਾਨ ਵਿੱਚ ਨਾਮਾਂਕਿਤ ਹਾਂ ਅਤੇ Alameda, Contra Costa, Fresno, Kern, Kings, Los Angeles, Madera, Orange, Riverside, Sacramento, San Bernardino, San Diego, San Francisco, San Mateo, Santa Clara, Stanislaus, ਜਾਂ Tulare County ਵਿੱਚ ਰਹਿੰਦਾ/ਰਹਿੰਦੀ ਹਾਂ?**

ਜੇਕਰ ਤੁਸੀਂ ਕਿਸੇ MA ਪਲਾਨ ਵਿੱਚ ਹੋ ਅਤੇ ਤੁਹਾਡੀ ਕਾਊਂਟੀ ਵਿੱਚ ਇੱਕ **ਮੇਲ ਖਾਂਦਾ** Medi-Cal ਸਿਹਤ ਪਲਾਨ ਹੈ, ਤਾਂ ਤੁਹਾਨੂੰ ਆਪਣੇ ਆਪ ਹੀ ਉਸ ਮੇਲ ਖਾਂਦੇ Medi-Cal ਸਿਹਤ ਪਲਾਨ ਵਿੱਚ ਨਾਮਾਂਕਿਤ ਕੀਤਾ ਜਾਵੇਗਾ।

ਰਾਜ ਵਿੱਚ ਉੱਪਰ ਸੂਚੀਬੱਧ 17 ਕਾਊਂਟੀਆਂ ਵਿੱਚ Medi-Cal ਨਾਲ ਮੇਲ ਖਾਂਦੀ ਪਲਾਨ ਨੀਤੀ ਹੈ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਕਿਸੇ MA ਪਲਾਨ ਵਿੱਚ ਸ਼ਾਮਲ ਹੁੰਦੇ ਹੋ ਅਤੇ ਤੁਹਾਡੀ ਕਾਊਂਟੀ ਵਿੱਚ ਅਜਿਹਾ Medi-Cal ਸਿਹਤ ਪਲਾਨ ਹੈ, ਜੋ ਤੁਹਾਡੇ MA ਪਲਾਨ ਨਾਲ ਮੇਲ ਖਾਂਦਾ ਹੈ, ਤਾਂ ਤੁਹਾਡੇ ਲਈ ਉਹ Medi-Cal ਸਿਹਤ ਪਲਾਨ ਚੁਣਨਾ ਲਾਜ਼ਮੀ ਹੈ।

ਜੇਕਰ ਮੇਲ ਖਾਂਦਾ Medi-Cal ਪਲਾਨ **ਨਹੀਂ** ਹੈ, ਤਾਂ ਤੁਸੀਂ ਇੱਕ MA ਪਲਾਨ ਅਤੇ Medi-Cal ਸਿਹਤ ਪਲਾਨ ਵਿੱਚ ਹੋ ਸਕਦੇ ਹੋ, ਜੋ ਮੇਲ ਨਹੀਂ ਖਾਂਦਾ। ਇਹ Medi-Cal ਮੇਲ ਖਾਂਦੀ ਪਲਾਨ ਨੀਤੀ Medicare ਪਲਾਨ ਦੀ ਤੁਹਾਡੀ ਚੋਣ ਨੂੰ ਨਹੀਂ ਬਦਲਦੀ ਜਾਂ ਪ੍ਰਭਾਵਿਤ ਨਹੀਂ ਕਰਦੀ।

MU_0005205_PUN3_1123

ਇੱਕੋ ਪਲਾਨ ਦੁਆਰਾ ਆਪਣੇ Medicare ਅਤੇ Medi-Cal ਲਾਭਾਂ ਦਾ ਪ੍ਰਬੰਧਨ ਕਰਨਾ ਤੁਹਾਡੇ ਲਾਭਾਂ ਦੇ ਤਾਲਮੇਲ ਵਿੱਚ ਸੁਧਾਰ ਕਰਦਾ ਹੈ। ਕੁਝ ਕਾਉਂਟੀਆਂ ਵਿੱਚ ਇਹ ਪਲਾਨ ਇਕੱਠੇ ਮਿਲਕੇ ਇੱਕ ਪਲਾਨ ਵਜੋਂ ਕੰਮ ਕਰਦੇ ਹਨ। ਉਹ ਤੁਹਾਡੀਆਂ Medicare ਅਤੇ Medi-Cal ਸੇਵਾਵਾਂ ਅਤੇ Medicare ਦੀਆਂ ਪ੍ਰਿਸਕ੍ਰਿਪਸ਼ਨ ਦਵਾਈਆਂ ਲਈ ਹੋਰ ਦੇਖਭਾਲ ਪ੍ਰਬੰਧਨ ਦੀ ਪੇਸ਼ਕਸ਼ ਕਰਦੇ ਹਨ। ਇਕੱਠੇ, ਇਸਨੂੰ Medicare Medi-Cal ਪਲਾਨ ਜਾਂ Medi-Medi ਪਲਾਨ ਆਖਿਆ ਜਾਂਦਾ ਹੈ।

ਹੋ ਸਕਦਾ ਹੈ ਕਿ ਤੁਹਾਡੇ MA ਪਲਾਨ ਅਤੇ Medi-Cal ਸਿਹਤ ਪਲਾਨ ਦੇ ਨਾਮ ਇੱਕੋ ਜਿਹੇ ਨਾ ਹੋਣ। ਤੁਸੀਂ ਆਪਣੀ ਕਾਉਂਟੀ ਲਈ ਮੇਲ ਖਾਂਦੇ Medicare ਅਤੇ Medi-Cal ਪਲਾਨਾਂ ਦੀ ਸੂਚੀ **www.healthcareoptions.dhcs.ca.gov/medi-medi-charts** 'ਤੇ ਪੜ੍ਹ ਸਕਦੇ ਹੋ।

ਜੇਕਰ ਆਪਣੇ Medicare ਨਾਮਾਂਕਣ ਵਿਕਲਪਾਂ ਬਾਰੇ ਤੁਹਾਡੇ ਸਵਾਲ ਹਨ, ਤਾਂ California Health Insurance Counseling & Advocacy Program (HICAP) ਨੂੰ 1-800-434-0222 (TTY: 711 'ਤੇ State Relay) 'ਤੇ ਫੋਨ ਕਰੋ।

ਜੇਕਰ ਆਪਣੇ Medicare Advantage ਲਾਭਾਂ ਬਾਰੇ ਤੁਹਾਡੇ ਸਵਾਲ ਹਨ, ਤਾਂ ਆਪਣੇ MA ਪਲਾਨ ਮੈਂਬਰ ਕਾਰਡ 'ਤੇ ਦਿੱਤੇ ਨੰਬਰ 'ਤੇ ਫੋਨ ਕਰੋ।

12. Medicare Medi-Cal ਪਲਾਨ ਕੀ ਹੈ?

Medicare Medi-Cal ਪਲਾਨ (Medi-Medi), Medicare ਅਤੇ Medi-Cal **ਦੋਵਾਂ** ਵਾਲੇ ਲੋਕਾਂ ਲਈ ਇੱਕ MA ਪਲਾਨ ਹੈ। ਇਹ ਸਵੈ-ਇੱਛਤ ਹੈ। ਇਹ ਹੇਠ ਲਿਖਿਆਂ ਨਾਲ ਤੁਹਾਡੀ Medicare ਅਤੇ Medi-Cal ਕਵਰੇਜ ਨੂੰ **ਇੱਕ** ਪਲਾਨ ਬਣਾਉਂਦਾ ਹੈ:

- ਦੇਖਭਾਲ ਵਿੱਚ ਤਾਲਮੇਲ ਬਿਠਾਉਣ ਲਈ ਇੱਕ ਦੇਖਭਾਲ ਟੀਮ।
- ਲਾਭਾਂ, ਡਾਕਟਰਾਂ, ਹਸਪਤਾਲਾਂ, ਪ੍ਰਯੋਗਸ਼ਾਲਾ ਟੈਸਟਾਂ, ਐਕਸ-ਰੇ, ਅਤੇ ਕੁਝ ਡਾਕਟਰੀ ਉਪਕਰਨਾਂ ਦਾ ਇੱਕ ਸੈੱਟ। ਤੁਹਾਡੇ ਨਵੇਂ ਪਲਾਨ ਵਿੱਚ ਜ਼ਿਆਦਾਤਰ ਉਹ ਡਾਕਟਰ ਸ਼ਾਮਲ ਹੋਣਗੇ, ਜੋ ਤੁਹਾਡੇ ਕੋਲ ਹੁਣ ਹਨ। ਜਾਂ, ਇਹ ਤੁਹਾਡੀ ਪਸੰਦ ਦਾ ਨਵਾਂ ਡਾਕਟਰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।
- ਸੇਵਾਵਾਂ ਦੀ ਡਿਲੀਵਰੀ ਵਿੱਚ ਤਾਲਮੇਲ ਬਿਠਾਉਣ ਲਈ ਇੱਕ ਸਿਹਤ ਪਲਾਨ, ਜਿਸ ਵਿੱਚ ਡਾਕਟਰੀ ਸਪਲਾਈਜ, ਆਵਾਜਾਈ, ਅਤੇ ਲੰਮੀ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਸ਼ਾਮਲ ਹੈ।
- ਪ੍ਰਦਾਤਾਵਾਂ ਦਾ ਇੱਕ ਨੈੱਟਵਰਕ, ਜਿਸ ਵਿੱਚ ਡਾਕਟਰ, ਹਸਪਤਾਲ, ਕਲੀਨਿਕ, ਪ੍ਰਯੋਗਸ਼ਾਲਾਵਾਂ, ਅਤੇ ਉਪਕਰਨ ਸਪਲਾਇਰ ਸ਼ਾਮਲ ਹਨ। ਤੁਹਾਡੇ ਨਵੇਂ ਪਲਾਨ ਵਿੱਚ ਜ਼ਿਆਦਾਤਰ ਉਹ ਡਾਕਟਰ ਸ਼ਾਮਲ ਹੋਣਗੇ, ਜੋ ਤੁਹਾਡੇ ਕੋਲ ਹੁਣ ਹਨ ਜਾਂ ਇਹ ਤੁਹਾਡੀ ਪਸੰਦ ਦਾ ਨਵਾਂ ਡਾਕਟਰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।
- Medi-Cal ਵੱਲੋਂ ਕਵਰ ਕੀਤੀਆਂ ਜਾਂਦੀਆਂ ਚੀਜ਼ਾਂ ਤੋਂ ਇਲਾਵਾ, ਦੰਦਾਂ, ਸੁਣਨ ਜਾਂ ਨਜ਼ਰ ਸਬੰਧੀ ਕਵਰੇਜ ਵਰਗੇ ਸੰਭਾਵਿਤ ਵਾਧੂ ਲਾਭ।

ਇਹਨਾਂ **12 ਕਾਊਂਟੀਆਂ** ਵਿੱਚ 2024 ਵਿੱਚ Medi-Medi ਪਲਾਨ ਹੋਣਗੇ: Fresno, Kings, Los Angeles, Madera, Orange, Riverside, Sacramento, San Bernardino, San Diego, San Mateo, Santa Clara, ਅਤੇ Tulare.

ਆਪਣੀ ਕਾਊਂਟੀ ਵਿੱਚ Medi-Medi ਪਲਾਨ ਲੱਭਣ ਲਈ:
www.healthcareoptions.dhcs.ca.gov/medi-medi-charts 'ਤੇ ਜਾਓ।

Medi-Cal ਸਿਹਤ ਪਲਾਨ ਵਿਕਲਪਾਂ ਬਾਰੇ

13. Medi-Cal ਸਿਹਤ ਪਲਾਨ, ਇੱਕ ਸਿਹਤ ਪਲਾਨ ਹੈ, ਜੋ:

- ਤੁਹਾਨੂੰ ਸਿਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੇ ਸੇਵਾ ਖੇਤਰ ਵਿੱਚ ਡਾਕਟਰਾਂ, ਹਸਪਤਾਲਾਂ, ਅਤੇ ਹੋਰ ਸਿਹਤ ਦੇਖਭਾਲ ਪ੍ਰਦਾਤਾਵਾਂ ਨਾਲ ਕੰਮ ਕਰਦਾ ਹੈ।
- ਤੁਹਾਨੂੰ ਤੁਹਾਡੀ ਲੋੜ ਅਨੁਸਾਰ ਡਾਕਟਰੀ ਤੌਰ ਤੇ ਲੋੜੀਂਦੀਆਂ Medi-Cal ਸੇਵਾਵਾਂ ਪ੍ਰਦਾਨ ਕਰਦਾ ਹੈ।

- ਤੁਹਾਡੀ ਦੇਖਭਾਲ ਵਿੱਚ ਤਾਲਮੇਲ ਬਿਠਾਉਣ ਅਤੇ ਇਸਦਾ ਪ੍ਰਬੰਧਨ ਕਰਨ ਲਈ ਤੁਹਾਡੇ ਨਾਲ ਅਤੇ ਤੁਹਾਡੇ ਪ੍ਰਦਾਤਾਵਾਂ ਦੇ ਨਾਲ ਕੰਮ ਕਰਦਾ ਹੈ।

ਜਦੋਂ ਤੁਸੀਂ ਕਿਸੇ Medi-Cal ਸਿਹਤ ਪਲਾਨ ਵਿੱਚ ਹੁੰਦੇ ਹੋ, ਤਾਂ ਤੁਸੀਂ ਤਦ ਵੀ ਆਪਣੇ Medi-Cal ਸਿਹਤ ਪਲਾਨ ਦੀ ਬਜਾਏFee-For-Service (FFS) Medi-Cal ਦੁਆਰਾ ਕੁਝ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਜ਼ਿਆਦਾਤਰ ਕਾਊਂਟੀਆਂ ਵਿੱਚ, ਇਹ ਸ਼ਾਮਲ ਹਨ:

- ਕੁਝ ਖਾਸ ਘਰ ਅਤੇ ਕਮਿਊਨਿਟੀ-ਆਧਾਰਿਤ ਸੇਵਾਵਾਂ
- ਜ਼ਿਆਦਾਤਰ Medi-Cal ਫਾਰਮੇਸੀ ਸੇਵਾਵਾਂ
- ਨਸ਼ੀਲੇ ਪਦਾਰਥਾਂ ਦੇ ਸੇਵਨ ਸੰਬੰਧੀ ਵਿਗਾੜ (Substance use disorder, SUD) ਲਈ ਇਲਾਜ ਸੇਵਾਵਾਂ
- ਦੰਦਾਂ ਸਬੰਧੀ ਸੇਵਾਵਾਂ

ਜੇਕਰ ਤੁਹਾਡੇ ਕੋਲ Medicare ਹੈ, ਤਾਂ ਤੁਹਾਡਾ Medi-Cal ਸਿਹਤ ਪਲਾਨ ਵੀ ਤੁਹਾਨੂੰ ਉਹ ਵੱਧ ਲਾਭ ਦਿੰਦਾ ਹੈ, ਜੋ Medicare ਕਵਰ ਨਹੀਂ ਵੀ ਕਰ ਸਕਦਾ ਅਤੇ Medicare ਸੇਵਾਵਾਂ ਤੱਕ ਪਹੁੰਚ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, ਜਿਵੇਂ:

- ਡਾਕਟਰੀ ਮੁਲਾਕਾਤਾਂ ਲਈ ਆਵਾਜਾਈ
- ਸਥਾਈ ਡਾਕਟਰੀ ਉਪਕਰਨ
- ਮੈਡੀਕਲ ਸਮੱਗਰੀ
- ਕਮਿਊਨਿਟੀ ਸਹਾਇਤਾ

Medi-Cal ਸਿਹਤ ਪਲਾਨ ਲਾਭਾਂ ਬਾਰੇ ਵਧੇਰੇ ਜਾਣਕਾਰੀ ਲਈ, **www.healthcareoptions.dhcs.ca.gov** 'ਤੇ ਜਾਓ।

14. Medi-Cal Health Care Options ਕੀ ਹੈ?

Medi-Cal Health Care Options (HCO) ਇੱਕ ਅਜਿਹੀ ਸੇਵਾ ਹੈ, ਜੋ ਮੈਂਬਰਾਂ ਨੂੰ Medi-Cal ਸਿਹਤ ਪਲਾਨਾਂ ਬਾਰੇ ਜਾਣਨ ਵਿੱਚ ਮਦਦ ਕਰਦੀ ਹੈ। ਇਹ Medi-Cal ਬਾਰੇ ਸਹੀ ਚੋਣਾਂ ਕਰਨ ਵਿੱਚ ਮੈਂਬਰਾਂ ਦੀ ਮਦਦ ਲਈ ਹੈ।

Medi-Cal HCO ਦੀ ਵੈੱਬਸਾਈਟ **www.healthcareoptions.dhcs.ca.gov** ਹੈ।

ਵਧੇਰੇ ਜਾਣਕਾਰੀ ਲਈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

15. ਕੀ ਆਪਣੇ Medi-Cal ਸਿਹਤ ਪਲਾਨ ਵਿੱਚ ਮੇਰੇ ਕੋਲ ਵਿਕਲਪ ਹੈ?

ਇਹ ਪਤਾ ਲਗਾਉਣ ਲਈ ਕਿ ਤੁਹਾਡੇ ਕੋਲ ਆਪਣੀ ਕਾਊਂਟੀ ਵਿੱਚ ਇੱਕ ਤੋਂ ਵੱਧ ਵਿਕਲਪ ਪਲਾਨ ਹਨ, **www.healthcareoptions.dhcs.ca.gov** 'ਤੇ ਜਾਓ। ਵਧੇਰੇ ਜਾਣਕਾਰੀ ਲਈ, ਸਵਾਲ 16 ਨੂੰ ਪੜ੍ਹੋ।

16. ਮੈਂ ਕਿਸੇ Medi-Cal ਸਿਹਤ ਪਲਾਨ ਦੀ ਚੋਣ ਕਿਵੇਂ ਕਰਾਂ?

ਤੁਹਾਡੇ Medi-Cal ਸਿਹਤ ਪਲਾਨ ਦੀਆਂ ਚੋਣਾਂ ਦੋ ਚੀਜ਼ਾਂ 'ਤੇ ਨਿਰਭਰ ਕਰਦੀਆਂ ਹਨ:

1. ਕਾਊਂਟੀ, ਜਿਸ ਵਿੱਚ ਤੁਸੀਂ ਰਹਿੰਦੇ ਹੋ, ਅਤੇ
2. ਜੇਕਰ ਤੁਸੀਂ ਇੱਕ MA ਪਲਾਨ ਵਿੱਚ ਹੋ

ਜੇਕਰ ਤੁਸੀਂ ਅਜਿਹੀ ਕਾਊਂਟੀ ਵਿੱਚ ਰਹਿੰਦੇ ਹੋ, ਜਿੱਥੇ ਤੁਸੀਂ ਨਵਾਂ Medi-Cal ਸਿਹਤ ਪਲਾਨ ਚੁਣ ਸਕਦੇ ਹੋ ਅਤੇ ਤੁਸੀਂ MA ਪਲਾਨ ਵਿੱਚ ***ਨਹੀਂ*** ਹੋ, ਤਾਂ ਤੁਹਾਨੂੰ ਨਵੰਬਰ 2023 ਵਿੱਚ ਇੱਕ *My Medi-Cal Choice* ਪੈਕੇਟ ਮਿਲੇਗਾ ਜਾਂ ਪਹਿਲਾਂ ਹੀ ਮਿਲ ਚੁੱਕਾ ਹੈ। ਇਸ ਵਿੱਚ ਤੁਹਾਡੇ Medi-Cal ਸਿਹਤ ਪਲਾਨ ਦੇ ਵਿਕਲਪ ਹਨ।

ਤੁਸੀਂ ਫੋਨ ਦੁਆਰਾ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਕਰਾ ਸਕਦੇ ਹੋ। Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ। ਜਾਂ **www.healthcareoptions.dhcs.ca.gov** 'ਤੇ ਔਨਲਾਈਨ ਨਾਮਾਂਕਣ ਕਰਵਾਓ।

ਜੇਕਰ ਤੁਸੀਂ ਕਿਸੇ Medi-Cal ਸਿਹਤ ਪਲਾਨ ਦੀ ਚੋਣ ਨਹੀਂ ਕਰਦੇ ਹੋ ਅਤੇ ਤੁਸੀਂ ਅਜਿਹੇ MA ਪਲਾਨ ਵਿੱਚ **ਨਹੀਂ** ਹੋ, ਜਿਸਦਾ ਤੁਹਾਡੀ ਕਾਊਂਟੀ ਵਿੱਚ ਮੇਲ ਖਾਂਦਾ Medi-Cal ਸਿਹਤ ਪਲਾਨ ਹੈ, ਤਾਂ Medi-Cal, ਦੀ Department of Health Care Services (DHCS) ਤੁਹਾਡੇ ਲਈ ਇੱਕMedi-Cal ਸਿਹਤ ਪਲਾਨ ਦੀ ਚੋਣ ਕਰੇਗਾ।

ਜੇਕਰ ਤੁਸੀਂ ਕੁਝ ਕਾਊਂਟੀਆਂ ਵਿੱਚ ਮੌਜੂਦ ਜਨਵਰੀ 2024 ਵਿੱਚ, ਤਾਂ ਤੁਹਾਡਾ MA ਪਲਾਨ ਤੁਹਾਡਾ Medi-Cal ਸਿਹਤ ਪਲਾਨ ਨਿਰਧਾਰਤ ਕਰੇਗਾ।

ਤੁਹਾਨੂੰ ਕਿਸੇ ਵੀ ਸਮੇਂ ਆਪਣਾ Medi-Cal ਸਿਹਤ ਪਲਾਨ ਬਦਲਣ ਦਾ ਹੱਕ ਹੈ। Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ। ਜਾਂ **www.healthcareoptions.dhcs.ca.gov** 'ਤੇ ਜਾਓ।

ਜੇਕਰ ਤੁਸੀਂ ਸਿੰਗਲ ਪਲਾਨ ਕਾਊਂਟੀ ਜਾਂ ਅਜਿਹੀ ਕਾਊਂਟੀ ਵਿੱਚ ਰਹਿੰਦੇ ਹੋ, ਜਿਸ ਵਿੱਚ County-Organized Health System (COHS) ਹੈ, ਤਾਂ ਤੁਹਾਨੂੰ COHS ਪਲਾਨ, ਸਿੰਗਲ ਪਲਾਨ ਜਾਂ Kaiser Permanente ਵਿੱਚ ਨਾਮਾਂਕਿਤ ਕੀਤਾ ਜਾਵੇਗਾ।

ਇਹ ਪਤਾ ਲਗਾਉਣ ਲਈ ਕਿ ਤੁਸੀਂ COHS, ਸਿੰਗਲ ਪਲਾਨ ਜਾਂ ਗੈਰ (non-)COHS ਵਿੱਚ ਰਹਿੰਦੇ ਹੋ ਜਾਂ ਗੈਰ-ਸਿੰਗਲ ਪਲਾਨ ਕਾਊਂਟੀ ਵਿੱਚ, **www.dhcs.ca.gov/individuals/Pages/MMCDHealthPlanDir.aspx** 'ਤੇ ਜਾਓ।

17. ਕੀ ਮੈਂ Kaiser Permanente ਵਿੱਚ ਨਾਮਾਂਕਣ ਕਰ ਸਕਦਾ/ਸਕਦੀ ਹਾਂ?

ਤੁਸੀਂ Kaiser Permanente ਵਿੱਚ ਸ਼ਾਮਲ ਹੋ ਸਕਦੇ ਹੋ, ਜੇਕਰ ਤੁਸੀਂ ਉਹਨਾਂ ਕਾਊਂਟੀਆਂ ਵਿੱਚ ਰਹਿੰਦੇ ਹੋ, ਜਿਹਨਾਂ ਵਿੱਚ Medi-Cal ਸਿਹਤ ਪਲਾਨ ਵਿਕਲਪ ਵਜੋਂ Kaiser Permanente ਹੈ।

ਤੁਹਾਡੇ ਲਈ ਇਹਨਾਂ ਸ਼ਰਤਾਂ ਵਿੱਚੋਂ **ਇੱਕ** ਨੂੰ ਪੂਰਾ ਕਰਨਾ ਵੀ ਲਾਜ਼ਮੀ ਹੈ:

- ਤੁਸੀਂ ਪਿਛਲੇ 12 ਮਹੀਨਿਆਂ ਵਿੱਚ ਇੱਕ Kaiser Permanente ਮੈਂਬਰ ਰਹੇ ਸੀ, ਜਾਂ
- ਤੁਹਾਡਾ ਇੱਕ ਸਕਾ ਪਰਿਵਾਰਕ ਸਦੱਸ, ਜੋ ਮੌਜੂਦਾ Kaiser Permanente ਮੈਂਬਰ (ਪਰਿਵਾਰਕ ਲਿੰਕੇਜ) ਵਜੋਂ ਉਸੇ ਘਰ ਵਿੱਚ ਰਹਿ ਰਿਹਾ ਹੈ, ਅਜਿਹੇ ਮੈਂਬਰ ਸਮੇਤ:
  - ਜੀਵਨਸਾਥੀ ਜਾਂ ਘਰੇਲੂ ਪਾਰਟਨਰ;
  - 26 ਸਾਲ ਤੋਂ ਘੱਟ ਉਮਰ ਦਾ ਆਸ਼ਰਿਤ ਬੱਚਾ;
  - 26 ਸਾਲ ਤੋਂ ਘੱਟ ਉਮਰ ਦਾ ਮਤਰੇਆ ਬੱਚਾ;
  - 21 ਸਾਲ ਤੋਂ ਘੱਟ ਉਮਰ ਦਾ ਅਪਾਹਜ ਆਸ਼ਰਿਤ;
  - 26 ਸਾਲ ਤੋਂ ਘੱਟ ਉਮਰ ਦੇ ਲਾਭਪਾਤਰ ਦਾ ਮਾਤਾ-ਪਿਤਾ ਜਾਂ ਮਤਰੇਆ ਮਾਤਾ-ਪਿਤਾ;
  - ਪਰਿਵਾਰਕ ਰਿਸ਼ਤੇ ਦੇ ਢੁੱਕਵੇਂ ਦਸਤਾਵੇਜ਼ ਵਾਲੇ 26 ਸਾਲ ਤੋਂ ਘੱਟ ਉਮਰ ਦੇ ਲਾਭਪਾਤਰ ਦਾ ਦਾਦਾ-ਦਾਦੀ, ਸਰਪ੍ਰਸਤ, ਫੋਸਟਰ ਮਾਤਾ-ਪਿਤਾ ਜਾਂ ਹੋਰ ਰਿਸ਼ਤੇਦਾਰ, ਜਾਂ
- ਤੁਸੀਂ ਇੱਕ ਫੋਸਟਰ ਬੱਚੇ ਹੋ, ਜਾਂ
- ਤੁਹਾਡੇ ਕੋਲ Medicare ਅਤੇ Medi-Cal (ਦੂਹਰੇ ਯੋਗ)।

ਇਸ ਬਾਰੇ ਜਾਣਨ ਲਈ ਕਿ Kaiser Permanente ਵਿੱਚ ਨਾਮਾਂਕਣ ਕਿਵੇਂ ਕਰਨਾ ਹੈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

MU_0005205_PUN6_1123

18. ਕੀ ਮੈਂ Program of All-Inclusive Care for the Elderly (PACE) ਵਿੱਚ ਨਾਮਾਂਕਣ ਕਰਵਾ ਸਕਦਾ/ਸਕਦੀ ਹਾਂ?

ਜੇਕਰ ਤੁਹਾਡੀ ਉਮਰ 55 ਸਾਲ ਜਾਂ ਵੱਧ ਹੈ ਅਤੇ ਤੁਹਾਨੂੰ ਘਰ ਵਿੱਚ ਰਹਿਣ ਲਈ ਉੱਚ ਪੱਧਰੀ ਦੇਖਭਾਲ ਦੀ ਲੋੜ ਹੁੰਦੀ ਹੈ ਤਾਂ ਤੁਸੀਂ ਆਪਣੇ ਖੇਤਰ ਵਿੱਚ PACE ਪਲਾਨ ਵਿੱਚ ਸ਼ਾਮਲ ਹੋਣ ਦੇ ਯੋਗ ਹੋ ਸਕਦੇ ਹੋ।

PACE ਤੁਹਾਨੂੰ ਡਾਕਟਰਾਂ, ਨਰਸਾਂ, ਚਿਕਿਤਸਕਾਂ, ਡ੍ਰਾਈਵਰਾਂ, ਹੋਮਕੇਅਰ ਵਰਕਰਾਂ, ਸਮਾਜ ਸੇਵਕਾਂ, ਗਤੀਵਿਧੀ ਸਮਾਯੋਜਕਾਂ, ਅਤੇ ਆਹਾਰ-ਮਾਹਰਾਂ ਦੀ ਇੱਕ ਨਿੱਜੀ ਦੇਖਭਾਲ ਟੀਮ ਪ੍ਰਦਾਨ ਕਰਦਾ ਹੈ। ਉਹ ਤੁਹਾਡੀ ਸਿਹਤ-ਦੇਖਭਾਲ, ਹੋਮ ਕੇਅਰ, ਆਵਾਜਾਈ, ਅਤੇ ਵਿਸ਼ੇਸ਼ ਦੇਖਭਾਲ ਜਿਵੇਂ ਕਿ ਦੰਦਾਂ ਦੀ ਦੇਖਭਾਲ ਅਤੇ ਸੁਣਨ ਵਿੱਚ ਸਹਾਇਕ ਉਪਕਰਨਾਂ ਵਿੱਚ ਤਾਲਮੇਲ ਕਰਨਗੇ।

PACE ਦੇ ਨਾਲ, ਤੁਸੀਂ ਆਪਣੀ ਜ਼ਿਆਦਾਤਰ ਦੇਖਭਾਲ PACE ਸੈਂਟਰਾਂ ਵਿਖੇ ਪ੍ਰਾਪਤ ਕਰਦੇ ਹੋ। ਤੁਸੀਂ ਉਹਨਾਂ ਦੇ ਸਮਾਜਿਕ ਪ੍ਰੋਗਰਾਮਾਂ ਵਿੱਚ ਵੀ ਹਿੱਸਾ ਲੈ ਸਕਦੇ ਹੋ ਅਤੇ ਉਹਨਾਂ ਦੇ ਸੀਨੀਅਰ ਜਿੰਮਾਂ ਦੀ ਵਰਤੋਂ ਕਰ ਸਕਦੇ ਹੋ। ਕਈ ਵਾਰ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਘਰ ਵਿੱਚ ਜਾਂ ਦੂਰ ਤੋਂ ਸੇਵਾਵਾਂ ਪ੍ਰਦਾਨ ਕਰਦੀ ਹੈ।

ਜੇ ਤੁਸੀਂ ਕਿਸੇ PACE ਪਲਾਨ ਵਿੱਚ ਸ਼ਾਮਲ ਹੋਣ ਦੀ ਚੋਣ ਕਰਦੇ ਹੋ ਅਤੇ ਤੁਹਾਡੇ ਕੋਲ Medicare ਹੈ, ਤਾਂ ਤੁਹਾਡੇ Medicare ਪ੍ਰਦਾਤਾ ਬਦਲ ਸਕਦੇ ਹਨ। ਜੇਕਰ ਤੁਸੀਂ PACE ਪਲਾਨ ਵਿੱਚ ਸ਼ਾਮਲ ਹੁੰਦੇ ਹੋ ਤਾਂ ਤੁਹਾਨੂੰ ਤੁਹਾਡੇ MA ਪਲਾਨ ਤੋਂ ਵੀ ਹਟਾ ਦਿੱਤਾ ਜਾਵੇਗਾ। ਤੁਸੀਂ ਆਪਣੀ Medicare ਕਵਰੇਜ ਨਹੀਂ ਗੁਆਓਗੇ।

PACE ਵਿੱਚ ਨਾਮਾਂਕਣ ਕਰਾਉਣਾ ਸਵੈ-ਇੱਛਤ ਹੈ। ਤੁਸੀਂ ਕਿਸੇ ਵੀ ਸਮੇਂ ਆਪਣਾ ਨਾਮਾਂਕਣ ਵਾਪਸ ਲੈ ਸਕਦੇ ਹੋ। PACE ਵਿੱਚ ਸ਼ਾਮਲ ਹੋਣ ਲਈ ਇੱਕ ਅਰਜ਼ੀ ਪ੍ਰਕਿਰਿਆ ਹੁੰਦੀ ਹੈ। ਇਸ ਵਿੱਚ ਸਿਹਤ ਮੁਲਾਂਕਣ ਸ਼ਾਮਲ ਹੈ। ਇਹ ਤੁਹਾਡੀ ਦੇਖਭਾਲ ਸਬੰਧੀ ਲੋੜਾਂ ਬਾਰੇ ਜਾਣਨ ਲਈ ਹੈ। ਪ੍ਰਕਿਰਿਆ ਵਿੱਚ ਕੁਝ ਹਫਤੇ ਲੱਗ ਸਕਦੇ ਹਨ। ਜੇਕਰ ਤੁਹਾਡੇ ਕੋਲ Medi-Cal ਹੈ, ਤਾਂ PACE ਵਿੱਚ ਨਾਮਾਂਕਣ ਕਰਵਾਉਣ ਲਈ ਕੋਈ ਹੋਰ ਸਹਿ-ਭੁਗਤਾਨ ਜਾਂ ਕਟੌਤੀਆਂ ਨਹੀਂ ਹਨ।

PACE ਸੇਵਾਵਾਂ ਵਿੱਚ ਇਹ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

- ਡਾਕਟਰ ਅਤੇ ਮਾਹਰ ਮੁਲਾਕਾਤਾਂ
- ਹਸਪਤਾਲ ਵਿੱਚ ਦੇਖਭਾਲ ਅਤੇ ਸਰਜਰੀਆਂ
- ਐਮਰਜੈਂਸੀ ਅਤੇ ਜ਼ਰੂਰੀ ਦੇਖਭਾਲ
- ਨਜ਼ਰ ਅਤੇ ਦੰਦਾਂ ਦੀਆਂ ਸੇਵਾਵਾਂ
- ਪ੍ਰਿਸਕ੍ਰਿਪਸ਼ਨ ਦਵਾਈਆਂ
- ਭੌਤਿਕ, ਵਿਵਸਾਇਕ ਅਤੇ ਸਪੀਚ ਥੈਰੇਪੀ
- ਹੋਮ ਹੈਲਥ ਦੇਖਭਾਲ
- ਵਿਵਹਾਰ ਸੰਬੰਧੀ ਸਿਹਤ ਸੇਵਾਵਾਂ
- ਉਪਕਰਨ ਅਤੇ ਡਾਕਟਰੀ ਸਮੱਗਰੀ
- PACE ਸੈਂਟਰਾਂ ਅਤੇ ਬਾਹਰਲੀਆਂ ਡਾਕਟਰੀ ਮੁਲਾਕਾਤਾਂ ਵਾਸਤੇ ਆਉਣ-ਜਾਣ ਲਈ ਆਵਾਜਾਈ
- ਪੋਸ਼ਣ ਸੰਬੰਧੀ ਸਲਾਹ ਅਤੇ ਤਿਆਰ ਭੋਜਨ
- ਨਰਸਿੰਗ ਹੋਮ ਕੇਅਰ

ਇਹ ਪਤਾ ਲਗਾਉਣ ਲਈ ਕਿ ਕੀ PACE ਤੁਹਾਡੀ ਕਾਊਂਟੀ ਵਿੱਚ ਉਪਲਬਧ ਹੈ ਜਾਂ PACE ਬਾਰੇ ਵਧੇਰੇ ਜਾਣਕਾਰੀ ਲਈ,**www.CalPACE.org** 'ਤੇ ਜਾਓ। ਜਾਂ Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫ਼ੋਨ ਕਰੋ।

19. ਕੀ ਮੈਂ SCAN ਸਿਹਤ ਪਲਾਨ ਵਿੱਚ ਨਾਮਾਂਕਣ ਕਰਵਾ ਸਕਦਾ/ਸਕਦੀ ਹਾਂ?

ਤੁਸੀਂ ਆਪਣੇ ਖੇਤਰ ਵਿੱਚ SCAN ਸਿਹਤ ਪਲਾਨ (SCAN) ਲਈ ਯੋਗ ਹੋ ਸਕਦੇ ਹੋ, ਜੇਕਰ ਤੁਸੀਂ:

- 65 ਸਾਲ ਜਾਂ ਵੱਧ ਉਮਰ ਦੇ ਹੋ,
- ਤੁਹਾਡੇ ਕੋਲ Medicare A ਅਤੇ B ਹੈ,
- Medi-Cal ਹੈ, ਅਤੇ
- Los Angeles, Riverside, San Bernardino, ਜਾਂ San Diego ਕਾਊਂਟੀ ਵਿੱਚ ਰਹਿੰਦੇ ਹੋ

SCAN ਇੱਕ Medicare Advantage Special Needs Plan ਹੈ। ਇਹ ਪ੍ਰਿਸਕ੍ਰਿਪਸ਼ਨ ਦਵਾਈਆਂ ਸਮੇਤ, Medicare ਅਤੇ Medi-Cal ਲਾਭ ਕਵਰ ਕਰਦਾ ਹੈ। ਇਹ ਸਾਰੀ ਹੈਲਥਕੇਅਰ, ਹੋਮਕੇਅਰ, ਆਵਾਜਾਈ ਅਤੇ ਸਬੰਧਿਤ ਲਾਭਾਂ ਨਾਲ ਤਾਲਮੇਲ ਕਰਦਾ ਹੈ।ਵਧੇਰੇ ਜਾਣਕਾਰੀ ਲਈ, SCAN ਨੂੰ 1-800-675-4439 (TTY: 711) 'ਤੇ ਫੋਨ ਕਰੋ। ਜਾਂ **www.scanhealthplan.com** 'ਤੇ ਜਾਓ।

20. ਕਿਸਨੂੰ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਹੈ?

ਤੁਹਾਨੂੰ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਹੋ ਸਕਦੀ, ਜੇਕਰ ਤੁਸੀਂ ਕਿਸੇ ਗੈਰ-COHS ਜਾਂ ਗੈਰ-ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹੋ ਅਤੇ ਤੁਸੀਂ:

- ਇੱਕ American Indian/Alaska Native ਹੋ,
- ਅਜਿਹੇ ਮੈਂਬਰ ਹੋ, ਜੋ ਫੋਸਟਰ ਦੇਖਭਾਲ, Adoption Assistance Program, ਜਾਂ Child Protective Services ਪ੍ਰਾਪਤ ਕਰਦਾ ਹੈ,
- ਕਿਸੇ California Veteran's ਹੋਮ ਵਿੱਚ ਰਹਿੰਦੇ ਹੋ,
- ਪਹਿਲਾਂ ਹੀ ਕਿਸੇ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਦੀ ਲੋੜ ਤੋਂ ਮਨਜ਼ੂਰਸ਼ੁਦਾ ਡਾਕਟਰੀ ਛੋਟ ਪ੍ਰਾਪਤ ਹੈ, ਜਾਂ
- Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਦੀ ਲੋੜ ਤੋਂ ਡਾਕਟਰੀ ਛੋਟ ਪ੍ਰਾਪਤ ਕਰਦੇ ਹੋ।

Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਛੋਟਾਂ ਬਾਰੇ ਵਧੇਰੇ ਜਾਣਕਾਰੀ ਲਈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

ਜੇਕਰ ਤੁਸੀਂ ਅਜਿਹੇ ਮੈਂਬਰ ਹੋ, ਜੋ ਫੋਸਟਰ ਕੇਅਰ, Adoption Assistance Program, ਜਾਂ Child Protective Services ਹੇਠ ਸਹਾਇਤਾ ਪ੍ਰਾਪਤ ਕਰਦਾ ਹੈ, ਅਤੇ ਤੁਸੀਂ ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹੋ, ਤਾਂ ਤੁਹਾਡੇ ਕੋਲ Medi-Cal ਸਿਹਤ ਪਲਾਨ ਜਾਂ FFS Medi-Cal ਵਿੱਚ ਨਾਮਾਂਕਣ ਦਾ ਵਿਕਲਪ ਹੈ।

ਇਹ ਪਤਾ ਲਗਾਉਣ ਲਈ ਕਿ ਤੁਸੀਂ COHS, ਸਿੰਗਲ ਪਲਾਨ ਜਾਂ ਗੈਰ-COHS ਵਿੱਚ ਰਹਿੰਦੇ ਹੋ ਜਾਂ ਗੈਰ-ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹੋ, **www.dhcs.ca.gov/individuals/Pages/MMCDHealthPlanDir.aspx** 'ਤੇ ਜਾਓ।

21. ਕੀ ਹੋਵੇਗਾ, ਜੇਕਰ ਮੈਂ ਇੱਕ American Indian ਜਾਂ Alaska Native ਮੈਂਬਰ ਹਾਂ?

ਜੇਕਰ ਤੁਸੀਂ ਇੱਕ American Indian ਜਾਂ Alaska Native ਮੈਂਬਰ ਹੋ, ਜੋ ਕਿਸੇ Medi-Cal ਸਿਹਤ ਪਲਾਨ ਵਿੱਚ ਨਾਮਾਂਕਿਤ ਹੈ, ਤਾਂ ਤੁਸੀਂ ਆਪਣੀ ਪਸੰਦ ਦੇ ਕਿਸੇ ਵੀ Indian Health Care ਪ੍ਰਦਾਤਾ ਤੋਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਜੇਕਰ ਆਪਣੇ ਲਾਭਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ Medi-Cal ਸਿਹਤ ਪਲਾਨ ਜਾਂ Medi-Cal Ombudsman ਨੂੰ 1-888-452-8609 'ਤੇ ਫੋਨ ਕਰੋ।

22. ਕੀ ਮੈਨੂੰ ਕਿਸੇ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣ ਤੋਂ ਡਾਕਟਰੀ ਛੋਟ ਮਿਲ ਸਕਦੀ ਹੈ?

ਜੇਕਰ ਤੁਸੀਂ ਕਿਸੇ COHS ਜਾਂ ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹੋ, ਤਾਂ ਤੁਸੀਂ ਕਿਸੇ ਡਾਕਟਰੀ ਛੋਟ ਲਈ ਯੋਗ ਨਹੀਂ ਹੋ।

ਜੇਕਰ ਤੁਸੀਂ ਗੈਰ-COHS, ਗੈਰ-ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹੋ ਅਤੇ FFS Medi-Cal ਵਿੱਚ ਹੋ, ਤਾਂ ਤੁਸੀਂ **12 ਮਹੀਨਿਆਂ** ਤੱਕ ਆਪਣੇ ਪ੍ਰਦਾਤਾ ਨੂੰ ਰੱਖਣ ਲਈ ਡਾਕਟਰੀ ਛੋਟ ਲਈ ਯੋਗ ਹੋ ਸਕਦੇ ਹੋ, ਜੇਕਰ ਤੁਹਾਡੀ ਗੰਭੀਰ ਡਾਕਟਰੀ ਸਥਿਤੀ ਹੈ ਅਤੇ ਤੁਹਾਡਾ **Medi-Cal** ਡਾਕਟਰ ਜਾਂ ਕਲੀਨਿਕ ਇੱਕ FFS Medi-Cal ਪ੍ਰਦਾਤਾ ਹੈ, ਜੋ ਤੁਹਾਡੀ ਕਾਊਂਟੀ ਵਿੱਚ Medi-Cal ਸਿਹਤ ਪਲਾਨ ਨੈੱਟਵਰਕ ਵਿੱਚ ਨਹੀਂ ਹੈ।

MU_0005205_PUN8_1123

ਜੇਕਰ ਤੁਸੀਂ FFS Medi-Cal ਵਿੱਚ ਰਹਿਣਾ ਚਾਹੁੰਦੇ ਹੋ, ਤਾਂ ਜਿੰਨੀ ਜਲਦੀ ਹੋ ਸਕੇ ਡਾਕਟਰੀ ਛੋਟ ਦੀ ਮੰਗ ਕਰੋ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਸੀਂ **90 ਦਿਨਾਂ** ਲਈ Medi-Cal ਸਿਹਤ ਪਲਾਨ ਵਿੱਚ ਹੋਣ ਤੋਂ ਬਾਅਦ, ਪ੍ਰਬੰਧਿਤ ਦੇਖਭਾਲ ਵਿੱਚ ਨਾਮਾਂਕਣ ਤੋਂ ਛੋਟ ਪ੍ਰਾਪਤ ਨਹੀਂ ਕਰ ਸਕਦੇ। ਤੁਹਾਡਾ ਡਾਕਟਰ, ਕਲੀਨਿਕ, ਜਾਂ ਕੋਈ ਵਕੀਲ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡੇ ਡਾਕਟਰ ਨੂੰ ਵੀ ਫਾਰਮ ਦਾ ਕੁਝ ਭਾਗ ਭਰਨਾ ਪਵੇਗਾ। ਭਰਿਆ ਹੋਇਆ ਫਾਰਮ Medi-Cal HCO ‘ਤੇ ਵਾਪਸ ਭੇਜੋ।

ਤੁਹਾਨੂੰ ਆਪਣੇ **Medicare** ਪ੍ਰਦਾਤਾਵਾਂ ਨੂੰ ਰੱਖਣ ਲਈ ਡਾਕਟਰੀ ਛੋਟ ਦੀ ਲੋੜ **ਨਹੀਂ** ਹੈ।

ਦੋ ਤਰੀਕੇ ਹਨ, ਜਿਹਨਾਂ ਨਾਲ ਤੁਸੀਂ ਡਾਕਟਰੀ ਛੋਟ ਦੀ ਮੰਗ ਕਰ ਸਕਦੇ ਹੋ:

1. Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) ‘ਤੇ ਫੋਨ ਕਰੋ।
2. **www.healthcareoptions.dhcs.ca.gov** ‘ਤੇ Medi-Cal HCO ‘ਤੇ ਜਾਓ।

ਜੇਕਰ ਤੁਹਾਡੀ ਡਾਕਟਰੀ ਛੋਟ ਮਨਜ਼ੂਰ ਹੁੰਦੀ ਹੈ, ਤਾਂ ਤੁਸੀਂ FFS Medi-Cal ਵਿੱਚ ਰਹਿ ਸਕਦੇ ਹੋ ਅਤੇ ਡਾਕਟਰੀ ਛੋਟ ਖਤਮ ਹੋਣ ਤੱਕ ਆਪਣੇ ਡਾਕਟਰ ਨੂੰ ਰੱਖ ਸਕਦੇ ਹੋ।

ਜੇਕਰ ਤੁਹਾਡੀਆਂ ਖਾਸ ਸਿਹਤ ਸਥਿਤੀਆਂ ਹਨ ਅਤੇ ਤੁਸੀਂ ਆਪਣੇ Medi-Cal ਪ੍ਰਦਾਤਾ ਨੂੰ 12 ਮਹੀਨਿਆਂ ਤੋਂ ਵੱਧ ਸਮੇਂ ਲਈ ਰੱਖਣਾ ਚਾਹੁੰਦੇ ਹੋ, ਤਾਂ ਹੋ ਸਕਦਾ ਹੈ ਤੁਸੀਂ ਡਾਕਟਰੀ ਛੋਟ ਵਾਧੇ ਦੀ ਮੰਗ ਕਰਨ ਯੋਗ ਹੋਵੋ। ਵਾਧੇ ਦੀ ਮੰਗ ਕਰਨ ਲਈ ਤੁਹਾਨੂੰ ਆਪਣੀ ਮੌਜੂਦਾ ਡਾਕਟਰੀ ਛੋਟ ਸ਼ੁਰੂ ਹੋਣ ਦੀ ਤਾਰੀਖ ਤੋਂ ਘੱਟੋ-ਘੱਟ **11 ਮਹੀਨਿਆਂ** ਤੱਕ ਉਡੀਕ ਕਰਨੀ ਪਵੇਗੀ। Medi-Cal HCO ਤੁਹਾਨੂੰ ਦੱਸੇਗਾ ਕਿ ਤੁਹਾਡੀ ਡਾਕਟਰੀ ਛੋਟ ਦੇ ਖਤਮ ਹੋਣ ਤੋਂ 45 ਦਿਨ ਪਹਿਲਾਂ ਕਦੋਂ ਦਾ ਸਮਾਂ ਹੁੰਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਮਿਆਦ ਵਧਾਉਣ ਦੀ ਮੰਗ ਕਿਵੇਂ ਕਰਨੀ ਹੈ।

ਜੇਕਰ ਤੁਹਾਡੀ ਛੋਟ ਅਸਵੀਕਾਰ ਹੁੰਦੀ ਹੈ, ਤਾਂ ਤੁਸੀਂ ਆਪਣੇ ਡਾਕਟਰ ਨੂੰ ਰੱਖਣ ਦੇ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ Medi-Cal ਸਿਹਤ ਪਲਾਨ ਤੋਂ "ਦੇਖਭਾਲ ਦੀ ਨਿਰੰਤਰਤਾ" ਦੀ ਮੰਗ ਕਰਦੇ ਹੋ।

ਡਾਕਟਰੀ ਛੋਟਾਂ ਬਾਰੇ ਅਤੇ ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ ਇਹਨਾਂ ਦੀ ਮੰਗ ਕਿਵੇਂ ਕਰਨੀ ਹੈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) ‘ਤੇ ਫੋਨ ਕਰੋ। ਜਾਂ Medi-Cal HCO ਦੀ ਵੈੱਬਸਾਈਟ **www.healthcareoptions.dhcs.ca.gov** ‘ਤੇ ਜਾਓ।

ਇਹ ਪਤਾ ਲਗਾਉਣ ਲਈ ਕਿ ਤੁਸੀਂ COHS, ਸਿੰਗਲ ਪਲਾਨ ਜਾਂ ਗੈਰ-COHS ਵਿੱਚ ਰਹਿੰਦੇ ਹੋ ਜਾਂ ਗੈਰ-ਸਿੰਗਲ ਪਲਾਨ ਕਾਊਂਟੀ ਵਿੱਚ, **www.dhcs.ca.gov/individuals/Pages/MMCDHealthPlanDir.aspx** ‘ਤੇ ਜਾਓ।

23. ਜੇਕਰ ਮੇਰੇ ਕੋਲ ਜਨਵਰੀ 1, 2024 ਤੋਂ ਪਹਿਲਾਂ ਕੋਈ ਮਨਜ਼ੂਰਸ਼ੁਦਾ ਡਾਕਟਰੀ ਛੋਟ ਹੈ, ਤਾਂ ਕੀ ਮੈਂ FFS ਵਿੱਚ ਰਹਾਂਗਾ/ਰਹਾਂਗੀ?

ਜੇਕਰ ਤੁਸੀਂ ਜਨਵਰੀ 1, 2024 ਤੋਂ ਪਹਿਲਾਂ ਕੋਈ ਮਨਜ਼ੂਰਸ਼ੁਦਾ ਡਾਕਟਰੀ ਛੋਟ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਤਦ ਤੱਕ FFS ਵਿੱਚ ਰਹੋਗੇ, ਜਦ ਤੱਕ ਤੁਹਾਡੀ ਮਨਜ਼ੂਰਸ਼ੁਦਾ ਡਾਕਟਰੀ ਛੋਟ ਦੀ ਮਿਆਦ ਸਮਾਪਤ ਨਹੀਂ ਹੋ ਜਾਂਦੀ ਅਤੇ ਤੁਹਾਡੇ ਲਈ ਇੱਕ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣਾ ਡਾਕਟਰੀ ਤੌਰ ‘ਤੇ ਸੁਰੱਖਿਅਤ ਨਹੀਂ ਹੋ ਜਾਂਦਾ।

- ਡਾਕਟਰੀ ਛੋਟ ਬੇਨਤੀ (Medical Exemption Request, MER) ਤੁਹਾਨੂੰ ਤੁਹਾਡੀ ਛੋਟ ਦੇ ਖਤਮ ਹੋਣ ਤੱਕ Medi-Cal FFS ਵਿੱਚ ਰਹਿਣ ਦਿੰਦੀ ਹੈ। ਤੁਹਾਡੀ ਡਾਕਟਰੀ ਛੋਟ ਦੇ ਖਤਮ ਹੋਣ ਤੋਂ ਪਹਿਲਾਂ ਤੁਹਾਨੂੰ ਇੱਕ ਪੱਤਰ ਪ੍ਰਾਪਤ ਹੋਵੇਗਾ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸਿਹਤ ਦੀ ਸਥਿਤੀ ਅਜੇ ਵੀ ਯੋਗ ਹੈ ਤਾਂ ਤੁਸੀਂ ਡਾਕਟਰੀ ਛੋਟ ਨੂੰ ਵਧਾਉਣ ਦੀ ਮੰਗ ਕਰ ਸਕਦੇ ਹੋ। ਜੇਕਰ ਤੁਸੀਂ ਮਿਆਦ ਵਧਾਉਣ ਦੀ ਮੰਗ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੀ ਮੌਜੂਦਾ ਛੋਟ ਦੀ ਸ਼ੁਰੂਆਤੀ ਮਿਤੀ ਤੋਂ ਬਾਅਦ **11 ਮਹੀਨਿਆਂ** ਤੱਕ ਉਡੀਕ ਕਰਨੀ ਪਵੇਗੀ। ਜਦੋਂ ਡਾਕਟਰੀ ਛੋਟ ਸਮਾਪਤ ਹੋ ਜਾਵੇਗੀ, ਤਾਂ Medi-Cal HCO ਕਿਸੇ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਬਾਰੇ ਤੁਹਾਨੂੰ ਜਾਣਕਾਰੀ ਦੇਵੇਗਾ।
- ਜਨਵਰੀ 1, 2024 ਤੋਂ ਉਹ ਮੈਂਬਰ, ਜੋ COHS ਜਾਂ ਸਿੰਗਲ ਪਲਾਨ ਕਾਊਂਟੀ ਵਿੱਚ ਰਹਿੰਦੇ ਹਨ, ਉਹ ਡਾਕਟਰੀ ਛੋਟ ਵਧਾਉਣ ਦੇ ਯੋਗ ਨਹੀਂ ਹੋਣਗੇ।

Medi-Cal ਦੁਆਰਾ ਹੋਰ ਸੇਵਾਵਾਂ

24. ਮੈਂ Medi-Cal ਰਾਹੀਂ ਹੋਰ ਕਿਹੜੀਆਂ ਸੇਵਾਵਾਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

California Children's Services (CCS) ਪ੍ਰੋਗਰਾਮ
ਤੁਸੀਂ ਜਾਂ ਤੁਹਾਡਾ ਬੱਚਾ CCS ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ। CCS, ਕੁਝ ਡਾਕਟਰੀ ਸਥਿਤੀਆਂ, ਸਰੀਰਕ ਸੀਮਾਵਾਂ ਜਾਂ ਪੁਰਾਣੀਆਂ ਸਿਹਤ ਸਮੱਸਿਆਵਾਂ ਤੋਂ ਪੀੜਿਤ ਬੱਚਿਆਂ ਅਤੇ ਨੌਜਵਾਨਾਂ ਲਈ ਰਾਜ ਦਾ ਪ੍ਰੋਗਰਾਮ ਹੈ। ਬੱਚੇ ਅਤੇ 21 ਸਾਲ ਤੱਕ ਦੇ ਨੌਜਵਾਨ ਆਪਣੀ ਲੋੜੀਂਦੀ ਸਿਹਤ ਦੇਖਭਾਲ ਅਤੇ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। CCS, ਬੱਚੇ ਜਾਂ ਨੌਜਵਾਨ ਨੂੰ ਡਾਕਟਰਾਂ ਅਤੇ ਕੁਸ਼ਲ ਸਿਹਤ ਦੇਖਭਾਲ ਵਿਅਕਤੀਆਂ ਨਾਲ ਜੋੜੇਗਾ, ਜਿਹਨਾਂ ਨੂੰ ਪਤਾ ਹੈ ਕਿ ਉਹਨਾਂ ਦੀਆਂ ਸਿਹਤ ਦੇਖਭਾਲ ਸਬੰਧੀ ਲੋੜਾਂ ਲਈ ਦੇਖਭਾਲ ਕਿਵੇਂ ਕਰਨੀ ਹੈ।

ਬੱਚਾ ਜਾਂ ਨੌਜਵਾਨ CCS ਪ੍ਰੋਗਰਾਮ ਲਈ ਯੋਗ ਹੋ ਸਕਦੇ ਹਨ, ਜੇਕਰ ਬੱਚਾ ਜਾਂ ਨੌਜਵਾਨ:

- 21 ਸਾਲ ਤੋਂ ਘੱਟ ਉਮਰ ਦਾ ਹੈ,
- ਉਸਦੀ CCS ਯੋਗ ਡਾਕਟਰੀ ਸਥਿਤੀ ਹੈ - **https://www.dhcs.ca.gov/services/ccs/Pages/medicaleligibility.aspx**;
- California ਦਾ ਨਿਵਾਸੀ ਹੈ, ਅਤੇ
- ਪਰਿਵਾਰਕ ਆਮਦਨੀ $40,000 ਤੋਂ ਘੱਟ ਹੈ

ਵਧੇਰੇ ਜਾਣਕਾਰੀ ਲਈ, **https://www.dhcs.ca.gov/services/ccs/Pages/CountyOffices.aspx** 'ਤੇ ਆਪਣੇ ਸਥਾਨਕ CCS ਪ੍ਰੋਗਰਾਮ ਕਾਊਂਟੀ ਦਫਤਰ ਦਾ ਨੰਬਰ ਲੱਭੋ।

ਦੰਦਾਂ ਸਬੰਧੀ ਸੇਵਾਵਾਂ
ਤੁਸੀਂ Medi-Cal ਰਾਹੀਂ ਦੰਦਾਂ ਸਬੰਧੀ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਜਦੋਂ ਤੁਸੀਂ ਕਿਸੇ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਕਰਾਉਂਦੇ ਹੋ ਤਾਂ ਤੁਹਾਡੇ ਦੰਦਾਂ ਸਬੰਧੀ ਲਾਭਾਂ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।

- **ਜ਼ਿਆਦਾਤਰ ਕਾਊਂਟੀਆਂ** ਲਈ, ਤੁਸੀਂ **Medi-Cal Dental ਪ੍ਰੋਗਰਾਮ** ਰਾਹੀਂ FFS Medi-Cal ਦੀਆਂ ਦੰਦਾਂ ਸਬੰਧੀ ਸੇਵਾਵਾਂ ਪ੍ਰਾਪਤ ਕਰਦੇ ਹੋ। ਤੁਹਾਨੂੰ ਕਿਸੇ ਅਜਿਹੇ ਦੰਦਾਂ ਦੇ ਪ੍ਰਦਾਤਾ ਕੋਲ ਜਾਣਾ ਪਵੇਗਾ ਜੋ, Medi-Cal Dental ਸਵੀਕਾਰ ਕਰਦਾ ਹੈ। ਦੰਦਾਂ ਦਾ ਪ੍ਰਦਾਤਾ ਲੱਭਣ ਲਈ, ਤੁਸੀਂ Medi-Cal Dental ਗਾਹਕ ਸੇਵਾ ਕੇਂਦਰ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-322-6384 (TTY: 1-800-735-2922) 'ਤੇ ਫੋਨ ਕਰ ਸਕਦੇ ਹੋ।

  ਤੁਸੀਂ "*Smile, California*" ਦੀ ਵੈੱਬਸਾਈਟ **www.smilecalifornia.org** 'ਤੇ ਵੀ ਦੰਦਾਂ ਸਬੰਧੀ ਪ੍ਰਦਾਤਾ ਲੱਭ ਸਕਦੇ ਹੋ ਅਤੇ Medi-Cal ਦੀਆਂ ਦੰਦਾਂ ਸਬੰਧੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।
- ਜੇਕਰ ਤੁਸੀਂ **Los Angeles ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਸੀਂ FFS ਡੈਂਟਲ ਜਾਂ **Medi-Cal Dental ਪ੍ਰਬੰਧਿਤ ਦੇਖਭਾਲ ਪਲਾਨ** ਦੇ ਨਾਲ **Medi-Cal Dental ਪ੍ਰੋਗਰਾਮ** ਦੁਆਰਾ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਡੈਂਟਲ ਪਲਾਨ ਵਿੱਚ ਸ਼ਾਮਲ ਹੋਣ ਬਾਰੇ ਵਧੇਰੇ ਜਾਣਕਾਰੀ ਲਈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।
- ਜੇ ਤੁਸੀਂ **San Mateo ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ Health Plan of San Mateo (HPSM) ਜਾਂ FFS ਡੈਂਟਲ ਰਾਹੀਂ ਪ੍ਰਾਪਤ ਕਰੋਗੇ।
  - ਜੇਕਰ ਤੁਸੀਂ HPSM ਵਿੱਚ ਨਾਮਾਂਕਿਤ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ HPSM ਰਾਹੀਂ ਪ੍ਰਾਪਤ ਕਰੋਗੇ। HPSM ਬਾਰੇ ਹੋਰ ਜਾਣਨ ਲਈ, ਮੈਂਬਰ ਸੇਵਾਵਾਂ ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-800-750-4776 (TTY: 1-800-735-2929) 'ਤੇ ਫੋਨ ਕਰੋ।
  - ਜੇਕਰ ਤੁਸੀਂ Kaiser ਵਿੱਚ ਨਾਮਾਂਕਿਤ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ FFS ਡੈਂਟਲ ਰਾਹੀਂ ਪ੍ਰਾਪਤ ਕਰੋਗੇ। ਦੰਦਾਂ ਸਬੰਧੀ ਪ੍ਰਦਾਤਾ ਲੱਭਣ ਲਈ, ਤੁਸੀਂ Medi-Cal ਡੈਂਟਲ ਗਾਹਕ ਸੇਵਾ ਕੇਂਦਰ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-322-6384 (TTY: 1-800-735-2922) 'ਤੇ ਫੋਨ ਕਰ ਸਕਦੇ ਹੋ।

In-Home Supportive Services (IHSS) ਪ੍ਰੋਗਰਾਮ

IHSS ਉਹਨਾਂ ਸੇਵਾਵਾਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ, ਜੋ ਤੁਹਾਨੂੰ ਆਪਣੇ ਘਰ ਵਿੱਚ ਸੁਰੱਖਿਅਤ ਤਰੀਕੇ ਨਾਲ ਰਹਿਣ ਵਿੱਚ ਮਦਦ ਕਰਦੀਆਂ ਹਨ। IHSS ਘਰ-ਤੋਂ-ਬਾਹਰ ਦੀਆਂ ਦੇਖਭਾਲ ਸੇਵਾਵਾਂ ਦਾ ਇੱਕ ਵਿਕਲਪ ਹੈ, ਜਿਵੇਂ ਕਿ ਨਰਸਿੰਗ ਹੋਮ ਜਾਂ ਬੋਰਡ ਅਤੇ ਦੇਖਭਾਲ ਫੈਸਿਲਿਟੀਆਂ। IHSS ਇਸ ਕਿਸਮ ਦੀਆਂ ਸੇਵਾਵਾਂ ਨੂੰ ਪ੍ਰਮਾਣਿਤ ਕਰ ਸਕਦਾ ਹੈ:

- ਘਰ ਦੀ ਸਫਾਈ
- ਭੋਜਨ ਤਿਆਰ ਕਰਨਾ
- ਕੱਪੜੇ ਧੋਣਾ
- ਕਰਿਆਨੇ ਦੀ ਖਰੀਦਦਾਰੀ
- ਨਿੱਜੀ ਦੇਖਭਾਲ ਦੀਆਂ ਸੇਵਾਵਾਂ ਜਿਵੇਂ ਕਿ ਟੱਟੀ ਅਤੇ ਪਿਸ਼ਾਬ ਸਬੰਧੀ ਦੇਖਭਾਲ, ਨਹਾਉਣਾ, ਕੱਪੜੇ ਪਹਿਨਣਾ, ਕੰਘੀ ਆਦਿ ਕਰਨਾ, ਅਤੇ ਪੈਰਾਮੈਡੀਕਲ ਸੇਵਾਵਾਂ
- ਡਾਕਟਰੀ ਮੁਲਾਕਾਤਾਂ ਲਈ ਨਾਲ ਜਾਣਾ
- ਮਾਨਸਿਕ ਵਿਗਾੜ ਵਾਲੇ ਲੋਕਾਂ ਲਈ ਰੱਖਿਆਤਮਕ ਨਿਗਰਾਨੀ

IHSS ਲਈ ਅਰਜ਼ੀ ਦੇਣ ਲਈ, ਆਪਣੀ ਸਥਾਨਕ ਕਾਊਂਟੀ ਸ਼ੋਸ਼ਲ ਸਰਵਿਸਿਜ ਏਜੰਸੀ ਨੂੰ ਸੰਪਰਕ ਕਰੋ। ਆਪਣੀ ਸਥਾਨਕ ਕਾਊਂਟੀ ਸਰਵਿਸਿਜ ਏਜੰਸੀ ਲੱਭਣ ਲਈ, **www.cdss.ca.gov** ‘ਤੇ ਜਾਓ। ਇੱਕ ਕਾਊਂਟੀ ਸੋਸ਼ਲ ਵਰਕਰ ਇਹ ਪਤਾ ਲਗਾਉਣ ਲਈ ਤੁਹਾਡੇ ਘਰ ਵਿਖੇ ਤੁਹਾਡਾ ਇੰਟਰਵਿਊ ਲਵੇਗਾ ਕਿ ਕੀ ਤੁਸੀਂ IHSS ਵਾਸਤੇ ਯੋਗ ਹੋ ਅਤੇ ਤੁਹਾਨੂੰ ਇਸਦੀ ਲੋੜ ਹੈ। ਖੁਦ ਵਾਸਤੇ ਕੁਝ ਕੰਮ ਸੁਰੱਖਿਅਤ ਰੂਪ ਨਾਲ ਕਰਨ ਲਈ ਤੁਹਾਡੀ ਯੋਗਤਾ ਦੇ ਅਧਾਰ ‘ਤੇ ਸੋਸ਼ਲ ਵਰਕਰ ਤੁਹਾਡੀਆਂ ਲੋੜੀਂਦੀਆਂ ਸੇਵਾਵਾਂ ਦੇ ਪ੍ਰਕਾਰਾਂ ਦਾ ਅਤੇ ਉਹਨਾਂ ਘੰਟਿਆਂ ਦੀ ਸੰਖਿਆ ਦਾ ਮੁਲਾਂਕਣ ਕਰੇਗਾ, ਜਿਹਨਾਂ ਦੀ ਕਾਊਂਟੀ ਉਹਨਾਂ ਸੇਵਾਵਾਂ ਲਈ ਇਜਾਜ਼ਤ ਦੇ ਸਕਦੀ ਹੈ।

ਜੇਕਰ ਤੁਹਾਨੂੰ ਜ਼ਿਆਦਾਤਰ ਕਾਊਂਟੀਆਂ ਵਿੱਚ IHSS ਲਈ ਮਨਜ਼ੂਰੀ ਮਿਲਦੀ ਹੈ, ਤਾਂ ਤੁਹਾਡੇ ਲਈ ਅਧਿਕਾਰਤ ਸੇਵਾਵਾਂ ਦੇਣ ਵਾਸਤੇ ਕਿਸੇ ਨੂੰ ਰੱਖਣਾ (ਤੁਹਾਡਾ ਵਿਅਕਤੀਗਤ ਪ੍ਰਦਾਤਾ) ਲਾਜ਼ਮੀ ਹੈ। ਤੁਹਾਡੀ ਕਾਊਂਟੀ ਦੀ IHSS Public Authority ਤੁਹਾਨੂੰ ਯੋਗ IHSS ਪ੍ਰਦਾਤਾਵਾਂ ਨਾਲ ਜੁੜਨ ਵਿੱਚ ਮਦਦ ਕਰ ਸਕਦੀ ਹੈ।

ਮਾਨਸਿਕ ਸਿਹਤ ਸਬੰਧੀ ਸੇਵਾਵਾਂ

ਜੇਕਰ ਤੁਹਾਨੂੰ ਮਾਨਸਿਕ ਸਿਹਤ ਸਬੰਧੀ ਸੇਵਾਵਾਂ ਦੀ ਲੋੜ ਹੈ, ਤਾਂ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨਾਲ ਗੱਲ ਕਰੋ। ਜਾਂ ਆਪਣੇ PCP ਜਾਂ ਆਪਣੇ ਕਾਊਂਟੀ ਮਾਨਸਿਕ ਸਿਹਤ ਪਲਾਨ ਨਾਲ ਗੱਲ ਕਰੋ। ਤੁਸੀਂ ਆਪਣੀ Medicare ਜਾਂ Medi-Cal ਸਿਹਤ ਪਲਾਨ ਦੇ ਨੈੱਟਵਰਕ ਦੁਆਰਾ ਮਾਨਸਿਕ ਸਿਹਤ ਸਬੰਧੀ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਤੁਸੀਂ ਆਪਣੀ ਕਾਊਂਟੀ ਦੇ ਮਾਨਸਿਕ ਸਿਹਤ ਪਲਾਨ ਵੱਲੋਂ ਮਾਨਸਿਕ ਸਿਹਤ ਸਬੰਧੀ ਵਿਸ਼ੇਸ਼ ਸੇਵਾਵਾਂ ਲਈ ਵੀ ਯੋਗ ਹੋ ਸਕਦੇ ਹੋ।

ਤੁਹਾਡੇ Medi-Cal ਸਿਹਤ ਪਲਾਨ ਅਤੇ ਤੁਹਾਡੀ ਕਾਊਂਟੀ ਦੇ ਮਾਨਸਿਕ ਸਿਹਤ ਪਲਾਨ ਲਈ ਤੁਹਾਡੀਆਂ ਮਾਨਸਿਕ ਸਿਹਤ ਸਬੰਧੀ ਦੇਖਭਾਲ ਦੀਆਂ ਜ਼ਰੂਰਤਾਂ ਵਿੱਚ ਤੁਹਾਡੀ ਮਦਦ ਕਰਨਾ **ਲਾਜ਼ਮੀ** ਹੈ। ਉਹਨਾਂ ਲਈ ਸਹੀ ਪ੍ਰਦਾਤਾ ਲੱਭਣ ਵਿੱਚ ਤੁਹਾਡੀ ਮਦਦ ਕਰਨਾ ਲਾਜ਼ਮੀ ਹੈ। ਆਪਣੀ ਕਾਊਂਟੀ ਦੇ ਮਾਨਸਿਕ ਸਿਹਤ ਪਲਾਨ ਦੀ ਸੰਪਰਕ ਜਾਣਕਾਰੀ ਲਈ: **www.dhcs.ca.gov/individuals/Pages/MHPContactList.aspx** ‘ਤੇ ਜਾਓ।

ਭਾਵੇਂ ਤੁਸੀਂ ਕਿਸੇ ਨੂੰ ਵੀ ਸੰਪਰਕ ਕਰੋ, ਤੁਹਾਨੂੰ ਤੁਰੰਤ ਸੇਵਾਵਾਂ ਮਿਲਣੀਆਂ ਚਾਹੀਦੀਆਂ ਹਨ। ਤੁਹਾਨੂੰ ਦੇਖਭਾਲ ਪ੍ਰਾਪਤ ਕਰਨ ਲਈ ਨਿਦਾਨ ਦੀ ਲੋੜ ਨਹੀਂ ਹੈ।

ਅਲਕੋਹਲ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਸੰਬੰਧੀ ਵਿਗਾੜ ਦੀਆਂ ਸੇਵਾਵਾਂ

ਜੇਕਰ ਤੁਹਾਨੂੰ ਅਲਕੋਹਲ ਜਾਂ ਹੋਰ ਨਸ਼ੀਲੇ ਪਦਾਰਥਾਂ ਦੇ ਸੇਵਨ (SUD) ਸੰਬੰਧੀ ਵਿਗਾੜ ਦੀਆਂ ਇਲਾਜ ਸੇਵਾਵਾਂ ਲਈ ਮਦਦ ਦੀ ਲੋੜ ਹੈ, ਤਾਂ ਤੁਸੀਂ ਆਪਣੇ Medi-Cal ਸਿਹਤ ਪਲਾਨ ਤੋਂ ਮੁਲਾਂਕਣ ਪ੍ਰਾਪਤ ਕਰ ਸਕਦੇ ਹੋ। ਤੁਸੀਂ SUD ਇਲਾਜ

ਸੇਵਾਵਾਂ ਲਈ ਤੁਸੀਂ ਆਪਣੀ ਕਾਊਂਟੀ ਦੇ ਡ੍ਰੱਗ Medi-Cal ਪ੍ਰੋਗਰਾਮ ਨੂੰ ਵੀ ਫੋਨ ਕਰ ਸਕਦੇ ਹੋ। ਆਪਣਾ ਸਥਾਨਕ ਕਾਊਂਟੀ ਡ੍ਰੱਗ Medi-Cal ਪ੍ਰੋਗਰਾਮ ਲੱਭਣ ਲਈ, **www.dhcs.ca.gov/provgovpart/Pages/sud-directories.aspx** 'ਤੇ ਜਾਓ। ਜਾਂ SUD ਦਾ ਇਲਾਜ ਪ੍ਰਾਪਤ ਕਰਨ ਵਿੱਚ ਮਦਦ ਲਈ ਆਪਣੇ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।

ਫਾਰਮੇਸੀ ਸੇਵਾਵਾਂ

Medi-Cal Rx ਉਹਨਾਂ ਪ੍ਰਿਸਕ੍ਰਿਪਸ਼ਨ ਦਵਾਈਆਂ ਨੂੰ ਕਵਰ ਕਰਦਾ ਹੈ, ਜੋ ਤੁਹਾਡਾ ਪ੍ਰਦਾਤਾ ਤੁਹਾਨੂੰ ਫਾਰਮੇਸੀ ਤੋਂ ਲੈਣ ਲਈ ਤਜਵੀਜ਼ ਕਰਦਾ ਹੈ। ਤੁਹਾਡਾ Medi-Cal ਸਿਹਤ ਪਲਾਨ ਉਹਨਾਂ ਦਵਾਈਆਂ ਨੂੰ ਕਵਰ ਕਰਦਾ ਹੈ, ਜੋ ਤੁਹਾਡਾ ਪ੍ਰਦਾਤਾ ਤੁਹਾਨੂੰ ਆਪ ਦਿੰਦਾ ਹੈ, ਜਿਵੇਂ ਕਿ ਡਾਕਟਰ ਦੇ ਦਫਤਰ ਜਾਂ ਕਲੀਨਿਕ ਵਿਖੇ।

Medi-Cal Rx ਪ੍ਰਿਸਕ੍ਰਿਪਸ਼ਨ ਦਵਾਈ ਕਵਰੇਜ ਅਤੇ ਫਾਰਮੇਸੀਆਂ, ਜੋ Medi-Cal ਲੈਂਦੀਆਂ ਹਨ, ਬਾਰੇ ਵਧੇਰੇ ਜਾਣਕਾਰੀ ਲਈ, **www.medi-calrx.dhcs.ca.gov** 'ਤੇ ਜਾਓ। ਜਾਂ Medi-Cal Rx ਦੇ ਗਾਹਕ ਸੇਵਾ ਕੇਂਦਰ ਨੂੰ 1-800-977-2273 (TTY: 711 'ਤੇ State Relay) 'ਤੇ ਫੋਨ ਕਰੋ। ਜਦੋਂ ਤੁਸੀਂ ਫੋਨ ਕਰੋ ਤਾਂ ਆਪਣਾ Medi-Cal ਲਾਭ ਪਛਾਣ ਕਾਰਡ (Benefits Identification Card, BIC) ਨੰਬਰ ਤਿਆਰ ਰੱਖੋ।

ਜੇਕਰ ਆਪਣੇ ਨਵੇਂ Medi-Cal ਸਿਹਤ ਪਲਾਨ ਵਿੱਚ ਨਾਮਾਂਕਣ ਕਰਵਾਉਣ ਦੇ ਬਾਅਦ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਨਵੇਂ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।

ਜੇਕਰ ਤੁਸੀਂ Medicare ਲਈ ਯੋਗ ਹੋ, ਤਾਂ Medicare Part D ਜ਼ਿਆਦਾਤਰ ਪ੍ਰਿਸਕ੍ਰਿਪਸ਼ਨਾਂ ਨੂੰ ਕਵਰ ਕਰੇਗਾ। ਤੁਹਾਨੂੰ ਕਿਸੇ ਵੀ ਸਹਿ-ਭੁਗਤਾਨਾਂ ਦਾ ਭੁਗਤਾਨ ਕਰਨਾ ਪਵੇਗਾ। Medi-Cal ਸਿਰਫ ਉਹਨਾਂ ਕੁਝ ਦਵਾਈਆਂ ਦਾ ਭੁਗਤਾਨ ਕਰੇਗਾ, ਜੋ ਤੁਹਾਡੇ Part D ਪਲਾਨ ਵਿੱਚ ਨਹੀਂ ਹਨ।

ਆਵਾਜਾਈ

ਜੇਕਰ ਤੁਹਾਡੇ ਕੋਲ ਡਾਕਟਰ, ਕਲੀਨਿਕ, ਦੰਦਾਂ ਦੇ ਡਾਕਟਰ, ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਗਾੜ ਦੀਆਂ ਇਲਾਜ ਸੇਵਾਵਾਂ ਦੀਆਂ ਮੁਲਾਕਾਤਾਂ ਲਈ ਪਹੁੰਚਣ, ਜਾਂ ਕੋਈ ਦਵਾਈ ਲੈਣ ਜਾਂ Medi-Cal ਦੁਆਰਾ ਕਵਰ ਕੀਤੀਆਂ ਹੋਰ ਸੇਵਾਵਾਂ ਤੱਕ ਪਹੁੰਚਣ ਦਾ ਕੋਈ ਸਾਧਨ ਨਹੀਂ ਹੈ, ਤਾਂ ਤੁਸੀਂ ਮੁਫਤ ਗੈਰ-ਡਾਕਟਰੀ ਆਵਾਜਾਈ ਸੇਵਾਵਾਂ ਲਈ ਯੋਗ ਹੋ ਸਕਦੇ ਹੋ। ਤੁਸੀਂ ਇਹ ਸੇਵਾਵਾਂ, ਜਿਹਨਾਂ ਨੂੰ "Non-Medical Transportation (NMT)" ਆਖਿਆ ਜਾਂਦਾ ਹੈ, ਕਾਰ, ਟੈਕਸੀ, ਬੱਸ, ਜਾਂ ਹੋਰ ਜਨਤਕ ਜਾਂ ਨਿੱਜੀ ਵਾਹਨ ਦੁਆਰਾ ਪ੍ਰਾਪਤ ਕਰ ਸਕਦੇ ਹੋ। NMT ਤੁਹਾਡੇ Medi-Cal ਸਿਹਤ ਪਲਾਨ ਦੇ ਨਾਲ-ਨਾਲ Medi-Cal ਵੱਲੋਂ ਸ਼ਾਮਲ ਕੀਤੀਆਂ ਮੁਲਾਕਾਤਾਂ ਲਈ ਉਪਲਬਧ ਹੈ ਪਰੰਤੂ Medi-Cal ਸਿਹਤ ਪਲਾਨ ਦੁਆਰਾ ਸ਼ਾਮਲ ਕੀਤੀਆਂ ਲਈ ਨਹੀਂ, ਜਿਵੇਂ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਗਾੜ ਦੀਆਂ ਇਲਾਜ ਸੇਵਾਵਾਂ।

ਜੇਕਰ ਤੁਸੀਂ ਆਪਣੀ ਸਿਹਤ ਸੰਬੰਧੀ ਸਮੱਸਿਆਵਾਂ ਦੇ ਕਾਰਨ ਆਪਣੀਆਂ ਮੁਲਾਕਾਤਾਂ ਲਈ ਕਾਰ, ਬੱਸ, ਟੈਕਸੀ, ਜਾਂ ਹੋਰ ਜਨਤਕ ਜਾਂ ਨਿੱਜੀ ਵਾਹਨ ਦੀ ਵਰਤੋਂ ਨਹੀਂ ਕਰ ਸਕਦੇ, ਤਾਂ ਤੁਸੀਂ ਐਂਬੂਲੈਂਸ, ਵ੍ਹੀਲਚੇਅਰ, ਵੈਨ ਜਾਂ ਲਿਟਰ ਵੈਨ ਦੁਆਰਾ Non-Emergency Medical Transportation (NEMT) ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। NEMT ਪ੍ਰਾਪਤ ਕਰਨ ਲਈ ਤੁਹਾਨੂੰ ਕਿਸੇ ਲਾਇਸੈਂਸਸ਼ੁਦਾ ਪ੍ਰਦਾਤਾ ਦੇ ਪ੍ਰਿਸਕ੍ਰਿਪਸ਼ਨ ਦੀ ਲੋੜ ਹੋਵੇਗੀ। NEMT ਉਹਨਾਂ ਲੋਕਾਂ ਲਈ ਹੈ, ਜੋ ਜਨਤਕ ਜਾਂ ਨਿੱਜੀ ਆਵਾਜਾਈ ਦੀ ਵਰਤੋਂ ਨਹੀਂ ਕਰ ਸਕਦੇ। ਤੁਹਾਡਾ ਮੁੱਖ ਦੇਖਭਾਲ ਪ੍ਰਦਾਤਾ, ਦੰਦਾਂ ਦਾ ਡਾਕਟਰ, ਬਾਲ-ਚਿਕਿਤਸਕ, ਮਾਨਸਿਕ ਸਿਹਤ ਜਾਂ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਗਾੜ ਦਾ ਪ੍ਰਦਾਤਾ ਇਹ ਪ੍ਰਿਸਕ੍ਰਾਈਬ ਕਰ ਸਕਦਾ ਹੈ।

ਤੁਹਾਡਾ Medi-Cal ਸਿਹਤ ਪਲਾਨ ਤੁਹਾਡੀ ਆਵਾਜਾਈ ਦਾ ਸਮਾਂ ਤੈਅ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਆਵਾਜਾਈ ਦੀ ਮੰਗ ਕਰਨ ਲਈ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।

ਆਵਾਜਾਈ ਦੀ ਮੰਗ ਕਰਦੇ ਸਮੇਂ, ਤੁਹਾਡੇ ਲਈ ਮੁਲਾਕਾਤ ਤੋਂ ਪਹਿਲਾਂ ਜਿੰਨੀ ਜਲਦੀ ਹੋ ਸਕੇ, ਆਪਣੇ Medi-Cal ਸਿਹਤ ਪਲਾਨ ਨੂੰ ਸੰਪਰਕ ਕਰਨਾ ਲਾਜ਼ਮੀ ਹੈ। ਜੇਕਰ ਤੁਹਾਡੀਆਂ ਕਈ ਮੁਲਾਕਾਤਾਂ ਹਨ, ਤਾਂ ਤੁਸੀਂ ਉਹਨਾਂ ਮੁਲਾਕਾਤਾਂ ਲਈ ਵੀ ਆਵਾਜਾਈ ਦੀ ਮੰਗ ਕਰ ਸਕਦੇ ਹੋ।

ਸੰਪਰਕ ਨੰਬਰ

25. ਮੈਂ ਕਿੱਥੋਂ ਵਧੇਰੇ ਜਾਣਕਾਰੀ ਜਾਂ ਮਦਦ ਪ੍ਰਾਪਤ ਕਰ ਸਕਦਾ/ਸਕਦੀ ਹਾਂ?

Medi-Cal ਬਾਰੇ ਸਵਾਲਾਂ ਲਈ:	• DHCS Medi-Cal ਹੈਲਪਲਾਈਨ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-541-5555 ‘ਤੇ ਫੋਨ ਕਰੋ। ਕਾਲ ਮੁਫਤ ਹੈ। • ਇਸ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਕਿ ਤੁਸੀਂ Medi-Cal ਦੁਆਰਾ ਕਿਹੜੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ, **www.dhcs.ca.gov** ‘ਤੇ ਜਾਓ। ਜਾਂ ਉਪਰੋਕਤ Medi-Cal ਹੈਲਪਲਾਈਨ ਨੂੰ ਫੋਨ ਕਰੋ।
ਤੁਹਾਡੀਆਂ Medi-Cal ਸੇਵਾਵਾਂ ਕਿਉਂ ਬਦਲ ਰਹੀਆਂ ਹਨ, ਇਸ ਬਾਰੇ ਸਵਾਲਾਂ ਲਈ:	• Medi-Cal Ombudsman Office ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-888-452-8609 (TTY: California State Relay, 711) ‘ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ, ਉਹਨਾਂ ਨੂੰ **www.MMCDOmbudsmanOffice@dhcs.ca.gov** ‘ਤੇ ਈਮੇਲ ਕਰੋ। ਉਹ Medi-Cal ਵਾਲੇ ਲੋਕਾਂ ਨੂੰ ਉਹਨਾਂ ਦੇ ਲਾਭਾਂ ਦੀ ਵਰਤੋਂ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਮਦਦ ਕਰਦੇ ਹਨ। • Medicare Medi-Cal Ombudsman Program ਨੂੰ 1-855-501-3077 ‘ਤੇ ਫੋਨ ਕਰੋ। ਕਾਲ ਮੁਫਤ ਹੈ। ਇਹ ਉਹਨਾਂ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਲਈ ਹੈ, ਜਿਹਨਾਂ ਕੋਲ Medicare ਅਤੇ Medi-Cal ਦੋਵੇਂ ਹਨ। • Long-Term Care Ombudsman ਨੂੰ 1-800-231-4024 ‘ਤੇ ਫੋਨ ਕਰੋ। ਇਹ ਲਾਈਨ ਦਿਨ ਵਿੱਚ 24 ਘੰਟੇ, ਹਫਤੇ ਦੇ 7 ਦਿਨ ਖੁੱਲ੍ਹੀ ਰਹਿੰਦੀ ਹੈ। ਕਾਲ ਮੁਫਤ ਹੈ। ਉਹ ਸ਼ਿਕਾਇਤਾਂ ਦੇ ਸੰਬੰਧ ਵਿੱਚ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਉਹਨਾਂ ਲੋਕਾਂ ਦੀ ਮਦਦ ਕਰਦੇ ਹਨ, ਜੋ ਇੱਕ ਹੁਨਰਮੰਦ ਨਰਸਿੰਗ ਫੈਸਿਲਿਟੀ, ਇੰਟਰਮੀਡੀਏਟ ਕੇਅਰ ਹੋਮ, ਜਾਂ ਸਬ-ਐਕਿਊਟ ਕੇਅਰ ਫੈਸਿਲਿਟੀ ਵਿੱਚ ਰਹਿੰਦੇ ਹਨ। • Health Consumer Alliance ਨੂੰ 1-888-804-3536 ‘ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ **www.healthconsumer.org** ‘ਤੇ ਜਾਓ।
ਸਿਹਤ ਪਲਾਨ ਵਿਕਲਪਾਂ ਅਤੇ ਪ੍ਰਦਾਤਾ (ਡਾਕਟਰ, ਕਲੀਨਿਕ) ਦੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ:	• Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) ‘ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ ਸਾਡੀ ਵੈਬਸਾਈਟ **www.healthcareoptions.dhcs.ca.gov** ‘ਤੇ ਜਾਓ।